Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-

# ਖੇਤੀ ਦੁਨੀਆਂ

All Subject to Patiala Jurisdiction.
www.khetiduniyan.in
Editor : Jagpreet Singh ● RNI/42269/83 ● Issue Dated 15-06-2024 ● Vol.42 No.24 ● Ph. : 0175-2214575, 90410-14575 ● Page : 16
E-mail : khetiduniyan1983@gmail.com

## ਅੰਦਰ ਪੜ੍ਹੋ



ਨਵਾਂ ਬਾਗ ਲਗਾਉਣ ਸਮੇਂ ਧਿਆਨ ਦੇਣਯੋਗ ਜ਼ਰੂਰੀ ਤਕਨੀਕੀ ਨੁਕਤੇ










ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਨਵੀਂ ਤੇ ਸਸਤੀ ਅਤੇ ਛੋਟੇ ਵੱਡੇ ਟਰੈਕਟਰ ਨਾਲ ਚੱਲਣ ਵਾਲੀ ਤਕਨੀਕ ਸਰਫੇਸ ਸੀਡਰ ਨਾਲ ਕਣਕ ਦੀ ਬਿਜਾਈ ਕਰਨ ਵਾਲੇ ਬਲਾਕ ਕਾਹਨੂੰਵਾਨ ਦੇ 8 ਕਿਸਾਨਾਂ ਨੇ ਦੱਸੇ ਪਹਿਲਾਂ ਡਰ ਤੇ ਬਾਅਦ ਸੰਤੁਸ਼ਟੀ ਵਾਲੇ ਬਿਜਾਈ ਦੇ ਤਜ਼ਰਬੇ



ਝੋਨੇ ਦੀਆਂ ਪੀ.ਏ.ਯੂ. ਵੱਲੋਂ ਪ੍ਰਮਾਣਿਤ ਕਿਸਮਾਂ ਦਾ ਵੱਧ ਰਿਹਾ ਰੁਝਾਨ

## ਲੀਚੀ ਦੇ ਫਲ ਫੱਟਣ ਦੀ ਸਮੱਸਿਆ

★ ਪੰਜਾਬ ਦੇ ਨੀਮ ਪਹਾੜੀ ਇਲਾਕਿਆਂ ਵਿਚ (ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂ ਸ਼ਹਿਰ, ਰੋਪੜ, ਮੁਹਾਲੀ, ਫਤਿਹਗੜ੍ਹ ਸਾਹਿਬ, ਪਟਿਆਲਾ ਅਤੇ ਚੰਡੀਗੜ੍ਹ) ਲੀਚੀ ਦੀ ਕਾਸ਼ਤ ਕੀਤੀ ਜਾਂਦੀ ਹੈ। ਪਿਛਲੇ ਕੁਝ ਦਿਨਾਂ ਤੋਂ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਉੱਪਰ ਅਤੇ ਨਮੀ 30-40% ਤੱਕ ਹੈ। ਇਸ ਕਰਕੇ ਲੀਚੀ ਦੀ ਫਲ ਦੇ ਫੱਟਣ, ਤਿੱਖੀ ਧੁੱਪ ਨਾਲ ਝੁਲਸਣ (ਫਰੂਟ ਕਰੈਕਿੰਗ ਅਤੇ ਸਨ ਬਰਨਿੰਗ) ਦੀ ਸਮੱਸਿਆ ਵੱਧ ਸਕਦੀ ਹੈ।



★ ਵੱਧ ਤਾਪਮਾਨ, ਘੱਟ ਨਮੀ ਅਤੇ ਖੁਸ਼ਕ ਹਵਾ (ਲੂਅ) ਵਾਲੇ ਵਾਤਾਵਰਨ ਵਿਚ ਜਦੋਂ ਫਲ ਦਾ ਰੰਗ ਵੱਟਣ ਲੱਗਦਾ ਹੈ ਤਾਂ ਲੀਚੀ ਦੇ ਗੁੱਦੇ ਦੇ ਵੱਧਣ ਅਤੇ ਬਾਹਰੀ ਛਿਲਕੇ ਦੇ ਖਿਚਾਵ ਕਾਰਨ ਛਿਲਕੇ ਵਿਚ ਦਰਾਰਾਂ ਆ ਜਾਂਦੀਆਂ ਹਨ, ਜਿਸ ਨੂੰ ਕਿ ਫਲ ਦਾ ਫੱਟਣਾ ਕਿਹਾ ਜਾਂਦਾ ਹੈ।

★ ਲੀਚੀ ਦੀ ਅਗੇਤੀ ਕਿਸਮ ਦੇਹਰਾਦੂਨ ਵਿਚ ਇਹ ਸਮੱਸਿਆ ਜ਼ਿਆਦਾ ਆਉਂਦੀ ਹੈ, ਜਦਕਿ ਕਲਕੱਤੀਆ ਕਿਸਮ ਦਾ ਫਲ ਨਹੀਂ ਫੱਟਦਾ। ਇਸ ਸਮੱਸਿਆ ਤੋਂ ਨਿਜਾਤ ਪਾਉਣ ਲਈ ਗਰਮੀਆਂ ਵਿਚ ਇਸ ਸਮੇਂ ਦੌਰਾਨ ਲੀਚੀ ਦੇ ਬਾਗਾਂ ਵਿਚ ਹਫਤੇ ਵਿਚ ਦੋ ਵਾਰ ਪਾਣੀ ਲਗਾਉਣਾ ਯਕੀਨੀ ਬਣਾਓ। ਬਾਗਾਂ ਵਿਚ ਨੇਮਬੱਧ ਤਰੀਕੇ ਨਾਲ ਪਾਣੀ ਲਗਾ ਕੇ ਲਗਾਤਾਰ ਮਿੱਟੀ ਵਿਚ ਨਮੀਂ ਬਣਾ ਕੇ ਰੱਖੋ ਤਾਂ ਜੋ ਫਲ ਫੱਟਣ ਦੀ ਸਮੱਸਿਆ ਨੂੰ ਘਟਾਇਆ ਜਾ ਸਕੇ।

ਸੁਮਨਜੀਤ ਕੌਰ, ਐਮ ਐਸ ਰੰਧਾਵਾ ਫਲ ਰਿਸਰਚ ਸਟੇਸ਼ਨ ਗੰਗੀਆਂ (ਦਸੂਹਾ), ਜ਼ਿਲ੍ਹਾ ਹੁਸ਼ਿਆਰਪੁਰ, ਮੋਬਾਈਲ 088724-28885

## ਝੋਨੇ ਦੇ ਬੂਟਿਆਂ ਵਿਚ ਮਧਰੇਪਣ ਦੇ ਰੋਗ ਲਈ ਸਰਵੇਖਣ ਜ਼ਰੂਰੀ

ਬੂਟਿਆਂ ਦਾ ਮਧਰਾ ਰਹਿ ਜਾਣਾ ਝੋਨੇ ਦਾ ਇਕ ਨਵਾਂ ਵਿਸ਼ਾਣੂੰ ਰੋਗ ਹੈ ਜੋ ਭਾਰਤ ਵਿਚ ਪਹਿਲੀ ਵਾਰ 2022 ਵਿਚ ਵੇਖਿਆ ਗਿਆ ਸੀ। ਇਹ ਰੋਗ ਇੱਕ ਵਿਸ਼ਾਣੂੰ ਰੋਗ ਹੈ ਜੋ ਕਿ ਝੋਨੇ ਦੇ ਚਿੱਟੀ ਪਿੱਠ ਵਾਲੇ ਟਿੱਡੇ ਰਾਹੀਂ ਫੈਲਣਾ ਹੈ।

ਨਿਸ਼ਾਨੀਆਂ : ਇਹ ਵਿਸ਼ਾਣੂੰ ਝੋਨੇ ਦੀਆਂ ਮੌਜੂਦਾ ਸਾਰੀਆਂ ਕਿਸਮਾਂ ਉੱਤੇ ਹਮਲਾ ਕਰ ਸਕਦਾ ਹੈ। ਇਸ ਰੋਗ ਨਾਲ ਪ੍ਰਭਾਵਿਤ ਬੂਟੇ ਮਧਰੇ, ਉਨ੍ਹਾਂ ਦੇ ਪੱਤੇ ਨੋਕਦਾਰ ਅਤੇ ਜੜ੍ਹਾਂ ਘੱਟ ਡੂੰਘੀਆਂ ਰਹਿ ਜਾਂਦੀਆਂ ਹਨ। ਪ੍ਰਭਾਵਿਤ ਬੂਟਿਆਂ ਦੀ ਉਚਾਈ ਆਮ ਬੂਟਿਆਂ ਨਾਲੋਂ ਅੱਧੀ ਜਾਂ ਇੱਕ-ਤਿਹਾਈ ਰਹਿ ਜਾਂਦੀ ਹੈ। ਰੋਗ ਦੇ ਜ਼ਿਆਦਾ ਹਮਲੇ ਕਾਰਨ ਕਈ ਵਾਰ ਬੂਟੇ ਮੁਰਝਾ ਕੇ ਸੁੱਕ ਵੀ ਜਾਂਦੇ ਹਨ।

ਰੋਕਥਾਮ ਲਈ ਕੁਝ ਜ਼ਰੂਰੀ ਨੁਕਤੇ

★ ਜਿਸ ਖੇਤ ਵਿਚ ਸਾਲ 2022 ਵਿਚ ਇਹ ਬਿਮਾਰੀ ਨਜ਼ਰ ਆਈ ਹੋਵੇ, ਉੱਥੇ ਖਾਸ ਧਿਆਨ ਰੱਖਿਆ ਜਾਵੇ।

★ ਖੇਤ ਨੂੰ ਡੂੰਘਾ ਵਾਹੋ ਅਤੇ ਪਿਛਲੀ ਫਸਲ ਦੀ ਰਹਿੰਦ-ਖੂੰਹਦ ਨੂੰ ਨਸ਼ਟ ਕਰੋ।

★ ਵੱਟਾਂ, ਬੰਨਿਆਂ ਅਤੇ ਪਾਣੀ ਵਾਲੇ ਖਾਲਾਂ ਨੂੰ ਨਦੀਨ ਮੁਕਤ ਰੱਖੋ। ਬਿਮਾਰੀ ਵਾਲੇ ਬੂਟੇ ਨੂੰ ਸ਼ੁਰੂ ਵਿਚ ਹੀ ਪੁੱਟ ਕੇ ਡੂੰਘਾ ਦੱਬ ਦਿਓ।



★ ਪਨੀਰੀ ਦੀ ਬਿਜਾਈ ਤੋਂ ਹੀ ਇਸ ਰੋਗ ਨੂੰ ਫੈਲਾਉਣ ਵਾਲੇ ਕੀੜੇ (ਚਿੱਟੀ ਪਿੱਠ ਵਾਲੇ ਟਿੱਡੇ) ਸੁਚੱਜੀ ਰੋਕਥਾਮ ਲਈ ਝੋਨੇ ਦੀ ਫਸਲ ਦਾ ਸਮੇਂ-ਸਮੇਂ ਸਿਰ ਨਿਰੀਖਣ ਕਰਦੇ ਰਹੋ। ਟਿੱਡੇ ਦੀ ਆਮਦ ਵੇਖਣ ਲਈ ਰਾਤ ਨੂੰ ਪਨੀਰੀ/ਖੇਤ ਨੇੜੇ ਬਲਬ ਜਗਾ ਕੇ ਰੱਖੋ।

★ ਜੇਕਰ ਟਿੱਡੇ ਦੀ ਆਮਦ ਨਜ਼ਰ ਆਉਂਦੀ ਹੈ ਤਾਂ ਕਿਸੇ ਵੀ ਕੀਟਨਾਸ਼ਕ ਜਿਵੇਂ ਕਿ 94 ਮਿ. ਲਿ. ਪੈਕਸਾਲੋਨ 10 ਐਸ ਸੀ ਜਾਂ 60 ਗ੍ਰਾਮ ਉਲਾਲਾ 50 ਡਬਲਯੂ ਜੀ ਜਾਂ 80 ਗ੍ਰਾਮ ਓਸ਼ੀਨ/ਟੋਕਨ/ਡੋਮਿਨੈਂਟ 20 ਐਸ ਜੀ ਜਾਂ 120 ਗ੍ਰਾਮ ਚੈੱਸ 50 ਡਬਲਯੂ ਜੀ ਜਾਂ 400 ਮਿ. ਲਿ. ਆਰਕੈਸਟਰਾ 10 ਐਸ ਸੀ ਤਾਂ 300 ਮਿ.ਲਿ. ਇਮੇਜਿਨ 10 ਐਸ ਸੀ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿਚ ਘੋਲ ਕੇ ਬੂਟਿਆਂ ਦੇ ਮੁੱਢਾਂ ਤੇ ਛਿੜਕਾਅ ਕਰੋ।

★ ਸੁਚੱਜੀ ਰੋਕਥਾਮ ਵਾਸਤੇ ਪਿੱਠੂ ਪੰਪ ਅਤੇ ਗੋਲ ਨੋਜ਼ਲ ਦਾ ਇਸਤੇਵਾਲ ਕਰੋ।

ਕਿਸਾਨ ਵੀਰੋ, ਮਧਰੇ ਬੂਟਿਆਂ ਦੇ ਹੋਰ ਵੀ ਬਹੁਤ ਕਾਰਨ ਹੋ ਸਕਦੇ ਹਨ। ਜੇਕਰ ਤੁਹਾਨੂੰ ਪਨੀਰੀ ਜਾਂ ਖੇਤ ਵਿਚ ਮਧਰੇ ਬੂਟੇ ਨਜ਼ਰ ਆਉਣ ਤਾਂ ਪੀ.ਏ.ਯੂ. ਦੇ ਮਾਹਿਰਾਂ ਨਾਲ ਸੰਪਰਕ ਕਰੋ।

ਮਨਮੋਹਨ ਧਕਾਲ, ਯੈਸਮੀਨ ਕੌਰ ਅਤੇ ਰੂਬਲਜੋਤ ਕੌਰ, ਪੌਦਾ ਰੋਗ ਵਿਭਾਗ, ਪੀ. ਏ . ਯੂ., ਲੁਧਿਆਣਾ ਮੋ. 79868-60330

## ਨਰਮੇ ਦੀ ਫਸਲ ਨੂੰ 'ਅਲਵਿਦਾ' ਆਖਣ ਲੱਗੇ ਕਿਸਾਨ

ਪੰਜਾਬ ਵਿਚ ਨਰਮੇ ਦੀ ਫਸਲ ਹੇਠਲਾ ਰਕਬਾ ਘਟਣ ਲੱਗਿਆ ਹੈ। ਉਂਜ, ਸਮੁੱਚੇ ਉੱਤਰੀ ਭਾਰਤ 'ਚ ਨਰਮੇ ਦੀ ਫਸਲ ਸੰਕਟ ਵਿਚ ਹੈ। ਐਤਕੀਂ ਪੰਜਾਬ ਵਿਚ ਨਰਮੇ ਹੇਠ ਰਕਬਾ ਘਟ ਦੇ ਕਰੀਬ 96 ਹਜ਼ਾਰ ਹੈਕਟੇਅਰ ਰਹਿ ਗਿਆ ਹੈ। ਹਰਿਆਣਾ ਅਤੇ ਰਾਜਸਥਾਨ ਵਿਚ ਵੀ ਨਰਮੇ ਦੀ ਫਸਲ ਦਾ ਰਕਬਾ ਅੱਧਾ ਰਹਿ ਗਿਆ ਹੈ। ਬੀਜ ਕੰਪਨੀਆਂ ਦੇ ਬੀਜ ਦੀ ਵਿਕਰੀ ਇਕਦਮ ਡਿੱਗ ਪਈ ਹੈ। ਜਦੋਂ ਨਰਮੇ ਦੀ ਬਿਜਾਂਦ ਦਾ ਕੰਮ ਚੱਲ ਰਿਹਾ ਸੀ ਤਾਂ ਉਸ ਸਮੇਂ ਲੋਕ ਸਭਾ ਚੋਣਾਂ ਦਾ ਪ੍ਰਚਾਰ ਚੱਲ ਰਿਹਾ ਸੀ। ਸਰਕਾਰ ਵੀ ਚੋਣਾਂ ਵਿਚ ਉਲਝੀ ਹੋਈ ਸੀ। ਪੰਜਾਬ ਵਿਚ ਕਦੇ ਚਿੱਟੀ ਮੱਖੀ ਅਤੇ ਕਦੇ ਗੁਲਾਬੀ ਸੁੰਡੀ ਨੇ ਨਰਮੇ ਦੀ ਫਸਲ ਨੂੰ ਪ੍ਰਭਾਵਿਤ ਕੀਤਾ ਹੈ। ਸਾਲ 2015 ਵਿਚ ਪੰਜਾਬ 'ਚ ਨਰਮੇ ਹੇਠ 3.25 ਲੱਖ ਹੈਕਟੇਅਰ ਨਰਮਾ ਸੀ ਅਤੇ ਉਸ ਸਾਲ ਚਿੱਟੀ ਮੱਖੀ ਨੇ ਪੂਰੀ ਫਸਲ ਤਬਾਅ ਕਰ ਦਿੱਤੀ। ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚ ਕਰੀਬ 25 ਤੋਂ 50 ਫੀਸਦੀ ਰਕਬਾ ਹੇਠਾਂ ਆ ਗਿਆ ਹੈ। ਰਾਜਸਥਾਨ ਵਿਚ ਨਰਮੇ ਦੀ ਚੁਗਾਈ ਲਈ ਲੇਬਰ ਦਾ ਸੰਕਟ ਹੈ। ਪੰਜਾਬ ਵਿਚ ਇਸ ਵਾਰ ਫਸਲ ਦਾ ਭਾਅ ਨਾ ਮਿਲਿਆ ਤਾਂ ਅਗਲੇ ਵਰ੍ਹੇ ਨਰਮਾ ਪੰਜਾਬ ਨੂੰ 'ਅਲਵਿਦਾ' ਆਖ ਸਕਦਾ ਹੈ।



ਪੰਜਾਬ 'ਚ ਜ਼ਮੀਨੀ ਪਾਣੀ ਦਾ ਵੱਡਾ ਸੰਕਟ ਹੈ ਅਤੇ ਨਰਮੇ ਹੇਠਲੇ ਘੱਟ ਰਹੇ ਰਕਬੇ ਨਾਲ ਫਸਲੀ ਵਿਭਿੰਨਤਾ ਦੇ ਰਾਹ ਵੀ ਔਖੇ ਹੋ ਜਾਣੇ ਹਨ। 1990-91 ਵਿਚ ਰਿਕਾਰਡ ਰਕਬਾ 7.01 ਲੱਖ ਹੈਕਟੇਅਰ ਨਰਮੇ ਦੇ ਹੇਠ ਸੀ ਜਦੋਂ ਕਿ ਰਿਕਾਰਡ ਪੈਦਾਵਾਰ 2006-07 ਵਿਚ 27 ਲੱਖ ਗੱਠਾਂ ਦੀ ਹੋਈ ਸੀ। 2009-10 ਵਿਚ ਬੀਟੀ ਫਸਲ ਦੀ ਚੜ੍ਹਤ ਸੀ ਅਤੇ ਉਸ ਮਗਰੋਂ ਨਰਮੇ ਹੇਠਲਾ ਰਕਬਾ ਲਗਾਤਾਰ ਘਟਦਾ ਆ ਰਿਹਾ ਹੈ। ਕਿਤੇ ਫਸਲੀ ਭਾਅ ਨਾ ਮਿਲਣ ਕਰਕੇ ਕਦੇ ਚਿੱਟੀ ਮੱਖੀ ਜਾਂ ਗੁਲਾਬੀ ਸੁੰਡੀ ਦੇ ਹਮਲੇ ਕਰਕੇ ਕਿਸਾਨ ਪ੍ਰੇਸ਼ਾਨ ਹੀ ਰਿਹਾ ਹੈ। ਲੰਘੇ ਸੀਜ਼ਨ ਵਿਚ ਨਰਮੇ ਦਾ ਸਰਕਾਰੀ ਭਾਅ 6620 ਰੁਪਏ ਮੀਡੀਅਮ ਰੇਸ਼ੇ ਵਾਲੀ ਫਸਲ ਦਾ ਰਿਹਾ ਹੈ। ਨਰਮੇ ਦੀ ਚੁਗਾਈ ਮਹਿੰਗੀ ਹੋ ਗਈ ਹੈ ਅਤੇ ਫਸਲ ਪਾਲਣ ਲਈ ਲਾਗਤ ਖਰਚੇ ਵਧ ਗਏ ਹਨ ਜਿਸ ਕਰਕੇ ਕਿਸਾਨਾਂ ਦਾ ਫਸਲ ਨਾਲ ਮੋਹ ਭੰਗ ਹੋਣ ਲੱਗਿਆ ਹੈ। ਕੋਈ ਸਮਾਂ ਸੀ ਜਦੋਂ ਪੰਜਾਬ ਵਿਚ ਬੀਟੀ ਬੀਜ ਦੇ 30 ਲੱਖ ਪੈਕਟਾਂ ਦੀ ਵਿਕਰੀ ਸੀ ਅਤੇ ਅੱਜ ਸਿਰਫ ਛੇ ਲੱਖ ਪੈਕਟਾਂ ਰਹਿ ਗਈ ਹੈ। ਪੰਜਾਬ ਵਿਚ ਪਿਛਲੇ ਵਰ੍ਹੇ 1.69 ਲੱਖ ਹੈਕਟੇਅਰ ਰਕਬਾ ਨਰਮੇ ਹੇਠ ਸੀ ਅਤੇ 2022 ਵਿਚ 2.48 ਲੱਖ ਹੈਕਟੇਅਰ ਰਕਬੇ ਵਿਚ ਨਰਮੇ ਦੀ ਬਿਜਾਂਦ ਸੀ। ਪਿਛਲੇ ਵਰ੍ਹੇ ਮੌਸਮ ਦੀ ਮਾਰ ਪੈਣ ਕਰਕੇ ਵੀ ਫਸਲ ਪ੍ਰਭਾਵਿਤ ਹੋਈ ਸੀ।

BEW
KSA
ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ




● ਲੋਨ ਉਪਲੱਬਧ
● ਸਬਸਿਡੀ ਉਪਲੱਬਧ
● ਬੁਕਿੰਗ ਸ਼ੁਰੂ
● ਪਾਊਡਰ ਕੋਟਿੰਗ ਪੇਂਟ
● ਪੇਟੇਂਟ ਡਿਜ਼ਾਇਨ
TOLL FREE NUMBER 1800-120-004455
• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS AGRICULTURAL INDUSTRIES PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co


**ਭਾਰਤ ਬਾਸਮਤੀ ਉਤਪਾਦਨ ਦੇ ਨਾਲ-ਨਾਲ ਨਿਰਯਾਤ ਵਿਚ ਵੀ ਮੋਹਰੀ ਹੈ ਅਤੇ ਬਾਸਮਤੀ ਵਿਦੇਸ਼ੀ ਮੁਦਰਾ ਕਮਾਈ ਵਿਚ ਇਕ ਪ੍ਰਮੁੱਖ ਭੂਮਿਕਾ ਨਿਭਾ ਰਹੀ ਹੈ। ਬਾਸਮਤੀ ਉਤਪਾਦਨ ਅਤੇ ਨਿਰਯਾਤ ਵਿਚ ਪੰਜਾਬ ਅਤੇ ਹਰਿਆਣਾ ਮੁੱਖ ਯੋਗਦਾਨ ਪਾਉਂਦੇ ਹਨ। ਭਾਰਤੀ ਬਾਸਮਤੀ ਦੀ ਵਿਸ਼ੇਸ਼ਤਾ ਨੂੰ ਬਰਕਰਾਰ ਰੱਖਣ ਲਈ ਇਸ ਨੂੰ ਭੂਗੋਲਿਕ ਸੂਚਕ (ਜੀ ਆਈ) ਟੈਗ ਵੀ ਦਿੱਤਾ ਗਿਆ ਹੈ। ਜੀ ਆਈ ਟੈਗ ਵਾਲੇ ਖੇਤਰਾਂ ਵਿਚ ਉਗਾਈ ਜਾਣ ਵਾਲੀ ਬਾਸਮਤੀ, ਇਸ ਖੇਤਰ ਦੀਆਂ ਖੇਤੀ-ਜਲਵਾਯੂ ਹਾਲਤਾਂ ਕਾਰਨ ਵਿਲੱਖਣ ਵਿਸ਼ੇਸ਼ਤਾਵਾਂ ਰੱਖਦੀ ਹੈ।**



# ਬਾਸਮਤੀ ਦੀ ਸਥਿਰ ਪੈਦਾਵਾਰ ਲਈ ਨੁਕਤੇ

**ਬੂਟਾ ਸਿੰਘ ਢਿੱਲੋਂ, ਗੁਰਪ੍ਰੀਤ ਕੌਰ ਅਤੇ ਰਣਵੀਰ ਸਿੰਘ ਗਿੱਲ,**
**ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 81461-00307)**

ਬਾਸਮਤੀ ਨੂੰ 'ਚੌਲਾਂ ਦੀ ਰਾਣੀ' ਵਜੋਂ ਜਾਣਿਆ ਜਾਂਦਾ ਹੈ ਜੋ ਕਿ ਭਾਰਤ ਦੇ ਇੱਕ ਖਾਸ ਖਿੱਤੇ ਨੂੰ ਕੁਦਰਤ ਦਾ ਤੋਹਫਾ ਹੈ ਅਤੇ ਕਿਸਾਨ ਪੁਰਾਣੇ ਸਮੇਂ ਤੋਂ ਇਸ ਦੀ ਕਾਸ਼ਤ ਕਰ ਰਹੇ ਹਨ। ਭਾਰਤ ਬਾਸਮਤੀ ਉਤਪਾਦਨ ਦੇ ਨਾਲ-ਨਾਲ ਨਿਰਯਾਤ ਵਿਚ ਵੀ ਮੋਹਰੀ ਹੈ ਅਤੇ ਬਾਸਮਤੀ ਵਿਦੇਸ਼ੀ ਮੁਦਰਾ ਕਮਾਈ ਵਿਚ ਇਕ ਪ੍ਰਮੁੱਖ ਭੂਮਿਕਾ ਨਿਭਾ ਰਹੀ ਹੈ। ਬਾਸਮਤੀ ਉਤਪਾਦਨ ਅਤੇ ਨਿਰਯਾਤ ਵਿਚ ਪੰਜਾਬ ਅਤੇ ਹਰਿਆਣਾ ਮੁੱਖ ਯੋਗਦਾਨ ਪਾਉਂਦੇ ਹਨ। ਭਾਰਤੀ ਬਾਸਮਤੀ ਦੀ ਵਿਸ਼ੇਸ਼ਤਾ ਨੂੰ ਬਰਕਰਾਰ ਰੱਖਣ ਲਈ ਇਸ ਨੂੰ ਭੂਗੋਲਿਕ ਸੂਚਕ (ਜੀ ਆਈ) ਟੈਗ ਵੀ ਦਿੱਤਾ ਗਿਆ ਹੈ। ਜੀ ਆਈ ਟੈਗ ਵਾਲੇ ਖੇਤਰਾਂ ਵਿਚ ਉਗਾਈ ਜਾਣ ਵਾਲੀ ਬਾਸਮਤੀ, ਇਸ ਖੇਤਰ ਦੀਆਂ ਖੇਤੀ-ਜਲਵਾਯੂ ਹਾਲਤਾਂ ਕਾਰਨ ਵਿਲੱਖਣ ਵਿਸ਼ੇਸ਼ਤਾਵਾਂ ਰੱਖਦੀ ਹੈ। ਪੰਜਾਬ ਰਾਜ ਵਿਚ ਪਾਣੀ ਦੇ ਘਟਦੇ ਪੱਧਰ ਦੀ ਗੰਭੀਰਤਾ ਨੂੰ ਧਿਆਨ ਵਿਚ ਰੱਖਦੇ ਹੋਏ, ਫਸਲੀ ਵਿਭਿੰਨਤਾ ਲਈ ਬਾਸਮਤੀ ਦੀ ਕਾਸ਼ਤ ਇਕ ਵਧੀਆ ਬਦਲ ਹੈ। ਬਾਸਮਤੀ ਨੂੰ ਪਾਣੀ ਦੀ ਲੋੜ ਝੋਨੇ ਨਾਲੋਂ ਘੱਟ ਹੁੰਦੀ ਹੈ ਕਿਉਂਕਿ ਇਸ ਦੀ ਲੁਆਈ ਮਾਨਸੂਨ ਦੀ ਆਮਦ ਦੇ ਨਾਲ ਹੁੰਦੀ ਹੈ। ਇਸੇ ਕਰਕੇ



ਪੰਜਾਬ ਸਰਕਾਰ ਵੱਲੋਂ ਵੀ ਬਾਸਮਤੀ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਪਹਿਲਕਦਮੀ ਕੀਤੀ ਜਾ ਰਹੀ ਹੈ।

ਵਿਗਿਆਨੀਆਂ ਦੇ ਯਤਨਾਂ ਸਦਕਾ ਸੁਧਰੀਆਂ ਕਿਸਮਾਂ ਵਿਕਸਿਤ ਕਰਨ ਦੇ ਨਾਲ ਨਾਲ ਮੇਲ ਖਾਂਦੀਆਂ ਢੁੱਕਵੀਆਂ ਤਕਨੀਕਾਂ ਵੀ ਸਿਫਾਰਿਸ਼ ਕੀਤੀਆਂ ਗਈਆਂ ਹਨ। ਪਿਛਲੇ ਦੋ ਦਹਾਕਿਆਂ ਵਿਚ ਬਾਸਮਤੀ ਦੇ ਰਕਬੇ ਵਿਚ ਮਹੱਤਵਪੂਰਨ ਵਾਧੇ ਦੇ ਨਾਲ ਨਾਲ ਇਸ ਦੀ ਉਤਪਾਦਕਤਾ ਵੀ ਲਗਭਗ ਦੁੱਗਣੀ ਹੋ ਗਈ ਹੈ। ਬਾਸਮਤੀ ਇੱਕ ਨਿਰਯਾਤ ਵਸਤੂ ਹੋਣ ਕਰਕੇ, ਯੂਰਪੀਅਨ ਯੂਨੀਅਨ ਦੁਆਰਾ ਨਿਰਧਾਰਿਤ ਮਾਪਦੰਡਾਂ ਅਨੁਸਾਰ ਕੀਟਨਾਸ਼ਕ ਮੁਕਤ ਬਾਸਮਤੀ ਦਾ ਉਤਪਾਦਨ ਮੌਜੂਦਾ ਸਮੇਂ ਦੀ ਮੁੱਖ ਮੰਗ ਹੈ ਅਤੇ ਇਸਦੇ ਨਿਰਯਾਤ ਨੂੰ ਯਕੀਨੀ ਬਣਾਉਣ ਵੱਲ ਧਿਆਨ ਦੇਣ ਦੀ ਲੋੜ ਹੈ।

**ਬਾਸਮਤੀ ਦੀ ਕਾਸ਼ਤ ਨਾਲ ਜੁੜੀਆਂ ਮੁਸ਼ਕਿਲਾਂ :**

ਕੀਮਤ ਵਿਚ ਉਤਰਾਅ-ਚੜ੍ਹਾਅ, ਬਿਮਾਰੀਆਂ ਦੀ ਸਮੱਸਿਆ, ਜਿਵੇਂ ਕਿ ਘੰਢੀ ਰੋਗ ਅਤੇ ਪੈਰ੍ਹਾਂ ਦਾ ਗਲ੍ਹਣਾ, ਅਗੇਤੀ ਬਿਜਾਈ ਨਾਲ ਗੁਣਵੱਤਾ 'ਤੇ ਅਸਰ, ਸਖਤ ਕੀਟਨਾਸ਼ਕ ਰਹਿੰਦ-ਖੂੰਹਦ ਦੀਆਂ ਸੀਮਾਵਾਂ, ਆਧੁਨਿਕ ਗੁਣਵੱਤਾ ਜਾਂਚ ਲਈ ਗੁਣਵੱਤਾ ਜਾਂਚ ਲੈਬਾਂ ਦੀ ਸੀਮਿਤ ਉਪਲਬਧਤਾ ਕੁਝ ਮੁਸ਼ਕਿਲਾਂ ਹਨ ਜਿਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ।

**ਵਧੇਰੇ ਆਰਥਿਕ ਲਾਭ ਲਈ ਰਕਬਾ ਬਾਸਮਤੀ ਦੀ ਮੰਗ ਦੇ ਅਨੁਪਾਤ ਵਿਚ ਹੋਵੇ :**

ਅੰਕੜਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਜਦੋਂ ਵੀ ਬਾਸਮਤੀ ਅਧੀਨ ਰਕਬਾ ਪ੍ਰਬੰਧਨਯੋਗ ਰਿਹਾ, ਕਿਸਾਨਾਂ ਨੂੰ ਵੱਧ ਭਾਅ ਮਿਲਦੇ ਰਹੇ ਹਨ। ਉਦਾਹਰਨ ਵਜੋਂ, ਸਾਲ 2014-15 ਵਿਚ ਬਾਸਮਤੀ ਅਧੀਨ ਰਕਬਾ ਪਿਛਲੇ ਸਾਲ ਨਾਲੋਂ 55 ਫੀਸਦੀ ਵਧ ਕੇ 8.62 ਲੱਖ ਹੈਕਟੇਅਰ ਹੋ ਗਿਆ, ਜਿਸ ਨਾਲ ਘਰੇਲੂ ਮੰਡੀ ਵਿਚ ਬਾਸਮਤੀ ਚੌਲਾਂ ਦੀ ਖਰੀਦ ਕੀਮਤਾਂ ਵਿਚ ਗਿਰਾਵਟ ਆਈ। ਸਾਲ 2017 ਵਿਚ ਬਾਸਮਤੀ ਦਾ ਕੁੱਲ ਰਕਬਾ 2016 ਦੇ ਮੁਕਾਬਲੇ 7.84 ਪ੍ਰਤੀਸ਼ਤ ਘੱਟ ਗਿਆ ਸੀ। ਪੰਜਾਬ, ਹਰਿਆਣਾ ਅਤੇ ਯੂ.ਪੀ. ਵਿਚ ਕ੍ਰਮਵਾਰ 8.7, 9.4 ਅਤੇ 3.91 ਪ੍ਰਤੀਸ਼ਤ ਰਕਬਾ ਘਟਿਆ ਸੀ। ਨਵੰਬਰ-ਦਸੰਬਰ, 2017 ਦੌਰਾਨ, ਕਿਸਾਨਾਂ ਨੂੰ ਕਾਫੀ ਚੰਗਾ ਭਾਅ ਮਿਲਿਆ। ਬਾਸਮਤੀ ਦੀਆਂ ਕਿਸਮਾਂ ਲਈ ਔਸਤ ਮੰਡੀ ਭਾਅ 2650 ਤੋਂ 3300 ਰੁਪਏ ਪ੍ਰਤੀ ਕੁਇੰਟਲ ਦੇ ਵਿਚਕਾਰ ਰਹੇ। ਇਸੇ ਤਰ੍ਹਾਂ ਸਾਉਣੀ 2023 ਦੌਰਾਨ ਵੀ ਕਿਸਾਨਾਂ ਨੂੰ ਕਾਫੀ ਚੰਗਾ ਭਾਅ ਮਿਲਿਆ। ਕਿਸਾਨ ਵੀਰ, ਪਰਮਲ ਝੋਨੇ ਅਤੇ ਬਾਸਮਤੀ ਤੋਂ ਪ੍ਰਾਪਤ ਆਮਦਨ ਦਾ ਮੁਲਾਂਕਣ ਕਰਦੇ ਹਨ ਅਤੇ ਪਰਮਲ ਝੋਨੇ ਤੋਂ ਪ੍ਰਾਪਤ ਆਮਦਨ ਤੋਂ ਵੱਧ ਜਾਂ ਬਰਾਬਰ ਆਮਦਨ ਹੋਣ ਦੀ ਸੂਰਤ ਵਿਚ ਹੀ ਬਾਸਮਤੀ ਰਕਬਾ ਲਿਆਉਣ ਦਾ ਮਨ ਬਣਾਉਂਦੇ ਹਨ। ਕੁਦਰਤੀ ਸਰੋਤਾਂ ਦੀ ਸਥਿਤੀ ਨੂੰ ਮੁੱਖ ਰੱਖਦੇ ਹੋਏ ਬਾਸਮਤੀ ਅਧੀਨ ਵੱਧ ਰਕਬਾ ਬੀਜਣਾ ਹਰ ਪੱਖੋਂ ਲਾਹੇਵੰਦ ਹੈ।

**ਅੱਗੇ ਵੱਧਣ ਲਈ ਜ਼ਰੂਰੀ ਸੁਝਾਅ :**

ਬਾਸਮਤੀ ਪੰਜਾਬ ਰਾਜ ਦੀ ਸੱਭਿਆਚਾਰਕ ਵਿਰਾਸਤ ਹੋਣ ਦੇ ਨਾਤੇ ਅਤੇ ਵਾਤਾਵਰਣ ਸੰਬੰਧੀ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣ ਕਰਕੇ ਇਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਸਥਾਈ ਬਾਸਮਤੀ ਉਤਪਾਦਨ ਲਈ ਕੁਝ ਮੁੱਖ ਸੁਝਾਅ ਹੇਠ ਲਿਖੇ ਅਨੁਸਾਰ ਹਨ :

1. **ਨਿਰਯਾਤ ਵਾਸਤੇ ਨਵੇਂ ਰਾਹ ਤਲਾਸ਼ਣਾ** : ਬਾਸਮਤੀ ਦੀ ਕਾਸ਼ਤ ਨੂੰ ਹੁਲਾਰਾ ਦੇਣ ਲਈ ਨਿਰਯਾਤ ਵਾਸਤੇ ਨਵੇਂ ਰਾਹ ਤਲਾਸ਼ਣ ਦੀ ਲੋੜ ਹੈ। ਇਸ ਸਮੇਂ ਭਾਰਤ ਤੋਂ ਬਾਸਮਤੀ ਚੌਲਾਂ ਦੀ ਬਰਾਮਦ ਲਗਭਗ 40 ਲੱਖ ਮੀਟ੍ਰਿਕ ਟਨ ਉੱਤੇ ਹੀ ਸਥਿਰ ਹੈ। ਜੀ ਆਈ ਟੈਗ ਦੀ ਗ੍ਰਾਂਟ ਅਤੇ ਕੀਟਨਾਸ਼ਕ ਰਹਿੰਦ-ਖੂੰਹਦ ਰਹਿਤ ਬਾਸਮਤੀ ਦੇ ਉਤਪਾਦਨ ਨਾਲ, ਅਸੀਂ ਅੰਤਰਰਾਸ਼ਟਰੀ ਬਾਜ਼ਾਰ ਵਿਚ ਵਧੇਰੇ ਖਰੀਦਦਾਰ ਲੱਭ ਸਕਦੇ ਹਾਂ।

2. **ਬਿਜਾਈ/ਲੁਆਈ ਦਾ ਢੁੱਕਵਾਂ ਸਮਾਂ** : ਬਾਸਮਤੀ ਦੀ ਵਿਲੱਖਣਤਾ ਨੂੰ ਕਾਇਮ ਰੱਖਣ ਲਈ ਬਿਜਾਈ ਦੇ ਅਨੁਕੂਲ ਸਮੇਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਵਿਲੱਖਣ ਵਿਸ਼ੇਸ਼ਤਾਵਾਂ, ਖਾਸ ਤੌਰ 'ਤੇ ਬਾਸਮਤੀ ਵਿਚ ਖੁਸ਼ਬੂ ਨੂੰ ਬਰਕਰਾਰ ਰੱਖਣ ਲਈ ਫਸਲ ਨੂੰ ਪੱਕਣ ਦੌਰਾਨ ਦਿਨ/ਰਾਤ ਦੇ ਸਹੀ ਤਾਪਮਾਨ (25 ਸੈਲਸੀਅਸ/21 ਸੈਲਸੀਅਸ) ਦੀ ਲੋੜ ਹੁੰਦੀ ਹੈ। ਸਿਫਾਰਸ਼ ਸਮੇਂ ਤੇ ਬੀਜੀ ਫਸਲ ਸਤੰਬਰ ਦੇ ਅਖੀਰਲੇ ਹਫਤੇ ਜਾਂ ਅਕਤੂਬਰ ਦੇ ਪਹਿਲੇ ਹਫਤੇ ਫੁਲਾਂ ਦੀ ਅਵਸਥਾ ਉੱਪਰ ਆਉਂਦੀ ਹੈ ਅਤੇ ਅਨੁਕੂਲ ਵਾਤਾਵਰਣ ਵਿਚ ਪੱਕ ਜਾਂਦੀ ਹੈ, ਜਿਸ ਦੇ ਨਤੀਜੇ ਵਜੋਂ ਜ਼ਿਆਦਾ ਸੁਗੰਧ, ਘੱਟ ਚਾਕੀਨੈਸ, ਜ਼ਿਆਦਾ ਮਿਲਿੰਗ ਰਿਕਵਰੀ ਆਦਿ ਦੇ ਰੂਪ ਵਿਚ ਉਤਪਾਦ ਦੀ ਗੁਣਵੱਤਾ ਬਿਹਤਰ ਹੁੰਦੀ ਹੈ। ਪੰਜਾਬ ਬਾਸਮਤੀ 7,5, ਪੂਸਾ ਬਾਸਮਤੀ 1847, 1121, 1718 ਦੀ ਪਨੀਰੀ ਦੀ ਬਿਜਾਈ ਦਾ ਸਮਾਂ ਜੂਨ ਦਾ ਪਹਿਲਾ ਪੰਦਰਵਾੜਾ ਜਦਕਿ ਸੀ ਐਸ ਐਸ ਆਰ 30 ਅਤੇ ਪੂਸਾ ਬਾਸਮਤੀ 1509 ਲਈ ਜੂਨ ਦਾ ਦੂਸਰਾ ਪੰਦਰਵਾੜਾ ਢੁੱਕਵਾਂ ਹੈ। ਖੇਤ ਵਿਚ ਲੁਆਈ ਲਈ ਪੂਸਾ ਬਾਸਮਤੀ 1509 ਦੀ 25 ਦਿਨ ਜਦਕਿ ਹੋਰ ਸਾਰੀਆਂ ਕਿਸਮਾਂ ਦੀ 25-30 ਦਿਨ ਦੀ ਪਨੀਰੀ ਵਰਤਣੀ ਚਾਹੀਦੀ ਹੈ। ਪਿਛਲੇ ਕੁਝ ਸਾਲਾਂ ਦੌਰਾਨ ਕਿਸਾਨਾਂ ਨੇ ਇਹਨਾਂ ਸਿਫਾਰਸ਼ਾਂ ਨੂੰ ਨਜ਼ਰਅੰਦਾਜ਼ ਕਰਕੇ ਪਰਮਲ ਕਿਸਮਾਂ ਦੇ ਨਾਲ ਜੂਨ ਮਹੀਨੇ ਵਿਚ ਘੱਟ ਮਿਆਦ ਵਾਲੀਆਂ ਬਾਸਮਤੀ ਕਿਸਮਾਂ ਦੀ ਲੁਆਈ ਸ਼ੁਰੂ ਕਰ ਦਿੱਤੀ। ਇਸ ਨਾਲ ਮਾਰਕੀਟਿੰਗ ਦੇ ਗੰਭੀਰ ਮੁੱਦੇ ਪੈਦਾ ਹੋਏ। ਇਸ ਦੇ ਨਤੀਜੇ ਵਜੋਂ ਬਾਸਮਤੀ ਦੀ ਖੁਸ਼ਬੂ ਘਟਣ ਦੇ ਨਾਲ-ਨਾਲ ਫੋਕ ਅਤੇ ਦਾਣੇ ਦੀ ਚਾਕੀਨੈਸ ਵਿਚ ਵਾਧਾ ਅਤੇ ਸਾਬਤ ਚੌਲਾਂ ਦੀ ਪ੍ਰਤੀਸ਼ਤਤਾ ਵਿਚ ਕਮੀ ਆਉਂਦੀ ਹੈ।

| ਕਿਸਮ | ਔਸਤਨ ਝਾੜ (ਕੁਇੰਟਲ/ ਏਕੜ) | ਪੱਕਣ ਦੇ ਦਿਨ (ਲੁਆਈ ਤੋਂ ਬਾਅਦ) | ਕੱਦ (ਸੈਂਟੀ-ਮੀਟਰ) | ਝੁਲਸ ਰੋਗ ਦੇ ਜੀਵਾਣੂਆਂ ਪ੍ਰਤੀ ਸਹਿਣਸ਼ੀਲਤਾ |
|---|---|---|---|---|
| ਪੰਜਾਬ ਬਾਸਮਤੀ 7 | 19.0 | 101 | 110 | 10/10 |
| ਪੂਸਾ ਬਾਸਮਤੀ 1847 | 19.0 | 99 | 108 | 10/10 (ਘੰਢੀ ਰੋਗ ਲਈ ਦਰਮਿਆਨੀ ਸਹਿਣਸ਼ੀਲਤਾ) |
| ਪੂਸਾ ਬਾਸਮਤੀ 1718 | 17.0 | 114 | 121 | 10/10 |
| ਪੰਜਾਬ ਬਾਸਮਤੀ 5 | 15.0 | 107 | 112 | 10/10 |
| ਪੂਸਾ ਬਾਸਮਤੀ 1121 | 13.7 | 107 | 120 | 0/10 |
| ਪੂਸਾ ਬਾਸਮਤੀ 1509 | 15.7 | 95 | 92 | 0/10 |
| ਸੀ ਐੱਸ ਆਰ 30 | 13.5 | 112 | 139 | 0/10 |

3. **ਨਿਰਵਿਘਨ ਨਿਰਯਾਤ ਲਈ ਕੀਟਨਾਸ਼ਕਾਂ ਦੀ ਸਹੀਂ ਵਰਤੋਂ** : ਬਾਸਮਤੀ ਦੇ ਨਿਰਵਿਘਨ ਨਿਰਯਾਤ ਲਈ ਇਸ ਦੀ ਕੁਆਲਟੀ ਨਿਰਧਾਰਿਤ ਮਾਪਦੰਡਾਂ ਦੇ ਅਨੁਸਾਰ ਹੋਣੀ ਬਹੁਤ ਜ਼ਰੂਰੀ ਹੈ। ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਕਾਰਨ ਕਿਸੇ ਵੀ ਖੇਪ ਨੂੰ ਅਸਵੀਕਾਰ ਕਰਨ ਨਾਲ ਨਾ ਸਿਰਫ ਨਿਰਯਾਤਕਾਂ ਨੂੰ ਆਰਥਿਕ ਨੁਕਸਾਨ ਹੁੰਦਾ ਹੈ ਬਲਕਿ ਮੁਕਾਬਲੇ ਵਾਲੇ ਦੇਸ਼ਾਂ ਨੂੰ ਵੀ ਫਾਇਦਾ ਹੁੰਦਾ ਹੈ। ਇਸ ਸੰਦਰਭ ਵਿਚ ਤਿੰਨ ਮੁੱਖ ਪਹਿਲਕਦਮੀਆਂ ਹੋ ਸਕਦੀਆਂ ਹਨ। ਪਹਿਲੀ, ਬਿਮਾਰੀਆਂ ਪ੍ਰਤੀ ਸਹਿਣਸ਼ੀਲਤਾ ਵਾਲੀਆਂ ਕਿਸਮਾਂ ਦਾ ਵਿਕਾਸ ਅਤੇ ਇਸ ਦਿਸ਼ਾ ਵਿਚ ਖੋਜ ਦੇ ਯਤਨ ਪਹਿਲਾਂ ਹੀ ਜਾਰੀ ਹਨ। ਦੂਜੀ, ਕਿਸਾਨਾਂ ਨੂੰ ਗੈਰ ਸਿਫਾਰਸ਼ੀ ਕੀਟਨਾਸ਼ਕਾਂ ਦੀ ਵਰਤੋਂ ਨਾ ਕਰਨ ਲਈ ਜਾਗਰੂਕ ਕਰਨਾ। ਤੀਜੀ, ਸਖਤ ਟੈਸਟਿੰਗ ਅਤੇ ਟਰੇਸੇਬਿਲਟੀ ਨੀਤੀਆਂ ਹੋਣੀਆਂ ਚਾਹੀਦੀਆਂ ਹਨ।

ਵਿਸ਼ਵ ਪੱਧਰ ਤੇ ਯੂਰਪੀਅਨ ਯੂਨੀਅਨ ਵੱਲੋਂ ਟ੍ਰਾਈਸਾਈਕਲਾਜ਼ੋਲ ਉੱਲੀਨਾਸ਼ਕ ਜੋ ਕਿ ਭੂਰੜ ਰੋਗ ਦੀ ਰੋਕਥਾਮ ਲਈ ਵਰਤੀ ਜਾਂਦੀ ਹੈ, ਦੀ ਵੱਧ ਤੋਂ ਵੱਧ ਰਹਿੰਦ-ਖੂੰਹਦ ਦੀ ਸੀਮਾਂ 1.0 ਮਿਲੀਗ੍ਰਾਮ ਪ੍ਰਤੀ ਕਿਲੋ ਤੋਂ ਘਟਾ ਕੇ 0.01 ਮਿਲੀਗ੍ਰਾਮ ਪ੍ਰਤੀ ਕਿਲੋ ਕਰ ਦਿੱਤੀ ਗਈ ਹੈ। ਇਸ ਨਾਲ ਬਾਸਮਤੀ ਦੇ ਨਿਰਯਾਤ ਉੱਤੇ ਅਸਰ ਪੈ ਸਕਦਾ ਹੈ। ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਭੁਰੜ ਰੋਗ ਦੀ ਰੋਕਥਾਮ ਲਈ ਐਮੀਸਟਾਰ ਟੌਪ 325 ਐਸ ਸੀ 200 ਮਿਲੀਲਿਟਰ ਦਵਾਈ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ, ਜਦੋਂ ਬੂਟਿਆਂ ਨੇ ਪੂਰਾ ਜਾੜ ਮਾਰ ਲਿਆ ਹੋਵੇ ਅਤੇ ਫੇਰ ਨਿਸਰਨ ਵੇਲੇ ਛਿੜਕਾਅ ਕਰੋ। ਦਵਾਈ ਦਾ ਪਿਛੇਤਾ ਛਿੜਕਾਅ ਨਹੀਂ ਕਰਨਾ ਚਾਹੀਦਾ ਕਿਉਂਕਿ ਪਿਛੇਤਾ ਛਿੜਕਾਅ ਦਾਣਿਆਂ ਵਿਚ ਦਵਾਈ ਦੀ ਰਹਿੰਦ-ਖੂੰਹਦ ਦਾ ਕਾਰਨ ਬਣਦਾ ਹੈ। ਇਸੇ ਤਰ੍ਹਾਂ ਯੂਰਪੀਅਨ ਯੂਨੀਅਨ ਵੱਲੋਂ ਲਗਭਗ 22 ਹੋਰ ਰਸਾਇਣਾਂ ਦੀ ਰਹਿੰਦ-ਖੂੰਹਦ ਦੀ ਸੀਮਾ ਵੀ ਨਿਰਧਾਰਿਤ ਕੀਤੀ ਹੋਈ ਹੈ। ਪੰਜਾਬ ਸਰਕਾਰ ਬਾਸਮਤੀ ਦੇ ਸੀਜ਼ਨ ਦੌਰਾਨ ਕੁਝ ਪੈਸਟੀਸਾਈਡਾਂ ਦੀ ਵਰਤੋਂ ਤੇ ਪਾਬੰਦੀ ਲਗਾਉਂਦੀ ਹੈ ਜਿਸ ਨੂੰ ਸਮੇਂ ਸਮੇਂ ਤੇ ਸੋਧਿਆ ਜਾਂਦਾ ਹੈ। ਪਿਛਲੇ ਸਾਲ ਦਸ ਪੈਸਟੀਸਾਈਡਾਂ ਨੂੰ ਵਰਤਣ ਤੇ ਪਾਬੰਦੀ ਲਗਾਈ ਗਈ ਸੀ। ਕਿਸਾਨਾਂ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਬਾਸਮਤੀ ਵਿਚ ਕੀਟਨਾਸ਼ਕਾਂ ਦੀ ਚੋਣ ਅਤੇ ਵਰਤੋਂ 'ਤੇ ਵਧੇਰੇ ਧਿਆਨ ਰੱਖਣ ਅਤੇ ਪਾਬੰਦੀਸ਼ੁਦਾ ਪੈਸਟੀਸਾਈਡਾਂ ਦੀ ਵਰਤੋਂ ਤੋਂ ਗੁਰੇਜ਼ ਕਰਨ।

**ਬਾਕੀ ਸਫਾ 6 'ਤੇ**



# ਝੋਨੇ ਦੀਆਂ ਪੀ.ਏ.ਯੂ. ਵੱਲੋਂ ਪ੍ਰਮਾਣਿਤ ਕਿਸਮਾਂ ਦਾ ਵੱਧ ਰਿਹਾ ਰੁਝਾਨ

**ਰਾਜ ਕੁਮਾਰ,**
**ਇਕੋਨੋਮਿਕਸ ਐਂਡ ਸੋਸ਼ਿਆਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ**
(ਮੋ.81460-96600)

ਪੰਜਾਬ ਵਿਚ ਝੋਨੇ ਅਧੀਨ ਸਾਲ 1970-71 ਵਿਚ ਸਿਰਫ 3.9 ਲੱਖ ਹੈਕਟੇਅਰ ਰਕਬਾ ਸੀ, ਜੋ ਕਿ ਸਾਲ 2023-24 ਵਿਚ ਵਧ ਕੇ ਲਗਭਗ 32 ਲੱਖ ਹੈਕਟੇਅਰ ਹੋ ਗਿਆ । ਝੋਨੇ ਦਾ ਔਸਤਨ ਝਾੜ ਵੀ 27.7 ਤੋਂ 67.4 ਕੁਇੰਟਲ ਪ੍ਰਤੀ ਹੈਕਟੈਅਰ ਤੱਕ ਵਧ ਗਿਆ । ਨਤੀਜੇ ਵਜੋਂ ਝੋਨੇ ਦੀ ਪੈਦਾਵਾਰ ਲਗਭਗ 21 ਗੁਣਾਂ ਵੱਧ ਕੇ 10.32 ਲੱਖ ਟਨ ਤੋਂ 215.8 ਲੱਖ ਟਨ ਤੱਕ ਪਹੁੰਚ ਗਈ । ਇਹਨਾਂ ਪ੍ਰਾਪਤੀਆਂ ਲਈ ਪੰਜਾਬ ਦੇ ਕੁਦਰਤੀ ਸੋਮਿਆਂ ਨੂੰ ਬਹੁਤ ਨੁਕਸਾਨ ਪਹੁੰਚਿਆ । ਇਸ ਸਥਿਤੀ ਨਾਲ ਨਜਿੱਠਣ ਲਈ ਝੋਨੇ ਦੀਆਂ ਘੱਟ ਸਮੇਂ ਵਾਲੀਆਂ ਕਿਸਮਾਂ ਦੀ ਖੋਜ ਦੇ ਨਾਲ-ਨਾਲ ਪਾਣੀ ਬਚਾਉਣ ਵਾਲੀਆਂ ਤਕਨੀਕਾਂ ਖਾਸ ਕਰਕੇ ਲੇਜ਼ਰ ਕਰਾਹੇ ਨਾਲ ਜ਼ਮੀਨ ਪੱਧਰੀ ਕਰਨਾ, ਤਰ-ਵੱਤਰ ਝੋਨੇ ਦੀ ਸਿੱਧੀ ਬਿਜਾਈ, ਵੱਟਾਂ/ਬੈਡਾਂ ਉੱਪਰ ਲੁਆਈ, ਸੁਕਾ-ਸੁਕਾ ਕੇ ਪਾਣੀ ਲਾਉਣਾ ਅਤੇ ਲੁਆਈ ਢੁੱਕਵੇਂ ਸਮੇਂ ਤੇ ਕਰਨਾ ਆਦਿ ਵਿਕਸਿਤ ਕੀਤੀਆਂ ਗਈਆਂ । ਰਾਜ ਸਰਕਾਰ ਵੱਲੋਂ ਝੋਨੇ ਦੀ ਲਵਾਈ ਇਕ ਖਾਸ ਮਿਤੀ ਤੋਂ ਬਾਅਦ ਹੀ ਕਰਨ ਨੂੰ ਯਕੀਨੀ ਬਣਾਉਣ ਲਈ ਸਾਲ 2008/09 ਵਿਚ ਇਕ ਆਰਡੀਨੈਂਸ / ਐਕਟ ਵੀ ਜਾਰੀ / ਪਾਸ ਕੀਤਾ ਗਿਆ ਤਾਂ ਜੋ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕੇ । ਇਹਨਾਂ ਕੋਸ਼ਿਸ਼ਾਂ ਨਾਲ ਪਾਣੀ ਦੇ ਹੇਠਾਂ ਜਾਣ ਦੀ ਰਫਤਾਰ ਘਟ ਤਾਂ ਗਈ ਪਰ ਪੂਰੀ ਤਰ੍ਹਾਂ ਰੋਕ ਨਹੀਂ ਲੱਗ ਸਕੀ ।

ਝੋਨੇ ਦੀਆਂ ਵੱਖ-ਵੱਖ ਕਿਸਮਾਂ ਹੇਠਾਂ ਰਕਬੇ ਦਾ ਅੰਦਾਜ਼ਾ ਲਾਉਣ ਲਈ ਕੀਤੇ ਗਏ ਸਰਵੇਖਣ ਦਰਸਾਉਂਦੇ ਹਨ ਕਿ ਪੀ. ਏ. ਯੂ. ਵਲੋਂ ਸਿਫਾਰਿਸ਼ ਕੀਤੀਆਂ ਕਿਸਮਾਂ ਦਾ ਰੁਝਾਨ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਤੇਜ਼ੀ ਫੜਦਾ ਜਾ ਰਿਹਾ ਹੈ । ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀਆਂ ਝੋਨੇ ਦੀਆਂ ਕਿਸਮਾਂ ਅਧੀਨ ਰਕਬਾ ਵੱਧ ਰਿਹਾ ਹੈ । ਝੋਨੇ ਦੀ ਸਭ ਤੋਂ ਹਰਮਨ ਪਿਆਰੀ ਕਿਸਮ ਪੀ.ਆਰ. 126 ਹੈ ਜੋ ਕਿ ਪੱਕਣ ਨੂੰ ਸਭ ਤੋਂ ਘੱਟ ਸਮਾਂ ਲੈਂਦੀ ਹੈ ਅਤੇ ਸਾਲ 2023-24 ਵਿਚ ਝੋਨੇ ਦਾ 32.2 ਫੀਸਦੀ ਰਕਬਾ ਪੀ.ਆਰ. 126 ਕਿਸਮ ਹੇਠਾਂ ਸੀ । ਇਸ ਤੋਂ ਬਾਅਦ ਪੀ.ਆਰ. 128 ਅਤੇ ਪੀ.ਆਰ. 131 ਕਿਸਮਾਂ ਦੀ ਕਾਸ਼ਤ ਕ੍ਰਮਵਾਰ 6.8 ਅਤੇ 6.3 ਫੀਸਦੀ ਰਕਬੇ ਵਿਚ ਕੀਤੀ ਗਈ । ਕਿਸਾਨ ਪੀ.ਏ.ਯੂ. ਦੀਆਂ ਕਿਸਮਾਂ ਨੂੰ ਖੂਬ ਤਰਜੀਹ ਦੇ ਰਹੇ ਹਨ ਜਿਸਦੇ ਨਤੀਜੇ ਵਜੋਂ ਪਿਛਲੇ ਕੁਝ ਸਾਲਾਂ ਤੋਂ ਝੋਨੇ ਦੀਆਂ ਗੈਰ-ਸਿਫਾਰਸ਼ੀ ਕਿਸਮਾਂ, ਖਾਸ ਕਰ ਪਾਣੀ ਦੀ ਵਧੇਰੇ ਖਪਤ ਕਰਨ ਵਾਲੀ ਅਤੇ ਲੰਮਾਂ ਸਮਾਂ ਲੈਣ ਵਾਲੀ ਪੂਸਾ 44 ਕਿਸਮ ਹੇਠੋਂ ਰਕਬਾ ਲਗਾਤਾਰ ਘਟਦਾ ਜਾ ਰਿਹਾ ਹੈ । ਫਿਰ ਵੀ ਅਫਸੋਸ ਦੀ ਗੱਲ ਇਹ ਹੈ ਕਿ ਮਾਲਵੇ ਦੇ ਬਰਨਾਲਾ, ਮੋਗਾ, ਸੰਗਰੂਰ ਅਤੇ ਮਾਨਸਾ ਜ਼ਿਲ੍ਹਿਆਂ ਵਿਚ ਝੋਨੇ ਦਾ ਤਕਰੀਬਨ ਅੱਧਾ ਰਕਬਾ ਲੰਮਾ ਸਮਾਂ ਲੈਣ ਵਾਲੀਆਂ ਕਿਸਮਾਂ ਹੇਠ ਹੈ ਜਿਸ ਕਰਕੇ ਇਥੋਂ ਦਾ ਧਰਤੀ ਹੇਠਲਾ ਪਾਣੀ ਹਰ ਚਿੰਤਾਜਨਕ ਪੱਧਰ ਤੱਕ ਥੱਲੇ ਜਾ ਚੁੱਕਾ ਹੈ । ਕਿਸਾਨ ਆਪਣੇ ਬੋਰਾਂ ਹੋਰ ਡੂੰਘੇ ਕਰਨ ਲਈ ਬਹੁਤ ਜ਼ਿਆਦਾ ਖਰਚਿਆਂ ਦਾ ਭਾਰ ਵੀ ਝੱਲ ਰਹੇ ਹਨ । ਮਹੱਤਵਪੂਰਨ ਗੱਲ ਇਹ ਹੈ ਕਿ ਇਸ ਤਰ੍ਹਾਂ ਤੇਜ਼ੀ ਨਾਲ ਖਤਮ ਹੋ ਰਹੇ ਪਾਣੀ ਦੇ ਭੰਡਾਰ ਨੂੰ ਜਲਦੀ ਕੀਤਿਆਂ ਭਵਿੱਖ ਵਿਚ ਪੂਰਿਆ ਵੀ ਨਹੀਂ ਜਾ ਸਕੇਗਾ । ਇਹਨਾਂ ਜ਼ਿਲ੍ਹਿਆਂ ਦੇ ਕਿਸਾਨ ਸਿਰਫ ਵੱਧ ਝਾੜ ਲੈਣ ਲਈ ਲੰਮੇ ਸਮੇਂ ਵਾਲੀਆਂ ਕਿਸਮਾਂ ਬੀਜਦੇ ਹੋ ਸਕਦੇ ਹਨ ਪਰ ਉਹ ਇਸ ਹਕੀਕਤ ਤੋਂ ਮੂੰਹ ਫੇਰ ਲੈਂਦੇ ਹਨ ਕਿ ਇਹਨਾਂ ਕਿਸਮਾਂ ਨੂੰ ਜ਼ਿਆਦਾ ਪਾਣੀ, ਖਾਦਾਂ, ਕੀਟਨਾਸ਼ਕਾਂ ਅਤੇ ਲੇਬਰ ਦੀ ਜਰੂਰਤ ਪੈਂਦੀ ਹੈ । ਪਰਾਲੀ ਜ਼ਿਆਦਾ ਹੋਣ ਕਰਕੇ ਇਸਨੂੰ ਸੰਭਾਲਣ ਦੇ ਖਰਚੇ ਵੀ ਵੱਧ ਜਾਂਦੇ ਹਨ । ਇਸ ਸਭ ਦੇ ਕਾਰਨ ਇਹਨਾਂ ਕਿਸਮਾਂ ਤੋਂ ਮੁਨਾਫਾ ਕਾਫੀ ਘੱਟ ਜਾਂਦਾ ਹੈ । ਪੀ.ਆਰ. 126 ਅਤੇ ਪੀ.ਆਰ. 131 ਵਰਗੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦਾ ਝਾੜ ਪੂਸਾ 44 ਨਾਲੋਂ ਕੁਝ ਘੱਟ ਹੋਣ ਦੇ ਬਾਵਜੂਦ ਵੀ ਇਹਨਾਂ ਤੋਂ ਹੋਣ ਵਾਲੀ ਨਿਰੋਲ ਆਮਦਨ ਲੰਮਾ ਸਮਾਂ ਲੈਣ ਵਾਲੀਆਂ ਕਿਸਮਾਂ ਦੇ ਮੁਕਾਬਲਤਨ ਜਾਂ ਜ਼ਿਆਦਾ ਹੈ । ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਕਾਸ਼ਤ ਨਾਲ ਸਾਲ ਵਿਚ ਤਿੰਨ ਫਸਲਾਂ ਲਈਆਂ ਜਾ ਸਕਦੀਆਂ ਹਨ । ਉਦਾਹਰਣ ਵਜੋਂ ਸੱਠੀ ਮੂੰਗੀ ਨੂੰ ਤੀਜੀ ਫਸਲ ਦੇ ਤੌਰ ਤੇ ਬੀਜਕੇ ਆਮਦਨ ਵੀ ਵਧੇਗੀ ਅਤੇ ਜ਼ਮੀਨ ਦੀ ਸਿਹਤ ਵੀ ਸੁਧਰੇਗੀ ।

| ਸਾਰਣੀ 1 : ਪੰਜਾਬ ਵਿਚ ਪੀਏਯੂ ਵਲੋਂ ਸਿਫਾਰਿਸ਼ ਝੋਨੇ ਦੀਆਂ ਕਿਸਮਾਂ ਅਧੀਨ ਵੱਧ ਰਿਹਾ ਰਕਬਾ | | |
|---|---|---|
| ਵਿਵਰਣ | 2013-14 | 2023-24 |
| ਪ੍ਰਮਾਣਿਤ ਕਿਸਮਾਂ ਹੇਠ ਰਕਬਾ | 37.6% | 57.3% |
| ਪ੍ਰਮੁੱਖ ਕਿਸਮਾਂ | ਪੀ.ਆਰ.122(11.5), ਪੀ.ਆਰ.114(7.8), ਪੀ.ਆਰ.118(7.7), ਪੀ.ਆਰ.121(4.5), ਪੀ.ਆਰ.111(4.2), ਪੂਸਾ 44(45.6) | ਪੀ.ਆਰ.126(32.2), ਪੀ.ਆਰ.128(6.8), ਪੀ.ਆਰ.131(6.3), ਪੀ.ਆਰ.121(2.1), ਪੀ.ਆਰ.114(2.0), ਪੂਸਾ 44(14.7) |
| ਬਰੈਕਟਾਂ ਵਿਚਲੇ ਅੰਕੜੇ ਕਿਸਮ ਅਧੀਨ ਰਕਬੇ ਦੀ ਪ੍ਰਤੀਸ਼ਤਤਾ ਨੂੰ ਦਰਸਾਉਂਦੇ ਹਨ । | | |



ਇਸ ਤੋਂ ਇਲਾਵਾ ਹਾੜ੍ਹੀ ਦੀਆਂ ਫਸਲਾਂ ਦੀ ਬਿਜਾਈ ਵੀ ਸਮੇਂ ਸਿਰ ਹੋ ਸਕੇਗੀ ਜਿਸ ਨਾਲ ਕਣਕ ਦਾ ਝਾੜ ਵੀ ਵਧੇਗਾ । ਸੂਬੇ ਦੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਕਿਸਾਨਾਂ ਨੂੰ ਪੂਸਾ 44 ਵਰਗੀਆਂ ਲੰਮਾ ਸਮਾ ਲੈਣ ਵਾਲੀਆਂ ਕਿਸਮਾਂ ਦਾ ਖਹਿੜਾ ਛੱਡ ਕੇ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਕਾਸ਼ਤ ਨੂੰ ਤਰਜੀਹ ਦੇਣੀ ਚਾਹੀਦੀ ਹੈ । ਇਸ ਤਰ੍ਹਾਂ ਦਾ ਰੁਝਾਨ ਰਾਜ ਦੇ ਵਡਮੁੱਲੇ ਸੋਮੇ ਜਿਵੇਂ ਕਿ ਪਾਣੀ, ਭੂਮੀ ਅਤੇ ਬਿਜਲੀ ਨੂੰ ਬਚਾਉਣ 'ਚ ਕਾਰਗਰ ਸਾਬਤ ਹੋਵੇਗਾ ।

**ਕਿਸਾਨਾਂ ਨੂੰ ਅਪੀਲ :**

ਪੰਜਾਬ ਦੇ ਖੇਤੀ ਅਰਥਚਾਰੇ ਦੀ ਭਲਾਈ ਅਤੇ ਅਣਮੁੱਲੇ ਕੁਦਰਤੀ ਸੋਮਿਆਂ ਦੀ ਸੰਭਾਲ ਲਈ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਹੈ ਕਿ ਉਹ ਪੀ. ਏ. ਯੂ. ਵੱਲੋਂ ਸਿਫਾਰਿਸ਼ ਕੀਤੀਆਂ ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਹੀ ਕਾਸ਼ਤ ਕਰਨ ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 23
ਮਿਤੀ 08-06-2024



ਐਡੀਟਰ
ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

ਸੰਪਾਦਕੀ ਬੋਰਡ
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ

ਕੰਪੋਜ਼ਿੰਗ
ਏਕਤਾ ਕੰਪਿਊਟਰਜ਼, ਪਟਿਆਲਾ

ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


# ਸਪੋਰਟਕਿੰਗ ਵਲੋਂ ਪਿੰਕ ਬਾਲਵਰਮ ਦੇ ਹਮਲੇ ਤੋਂ ਬਚਾਅ ਲਈ ਪੰਜਾਬ 'ਚ ਪਾਇਲਟ ਪ੍ਰਾਜੈਕਟ ਨੂੰ ਫੰਡਿੰਗ

ਕਪਾਹ 'ਚ ਸਭ ਤੋਂ ਮਹੱਤਵਪੂਰਨ ਕਾਰੋਬਾਰੀ ਫਸਲਾਂ 'ਚੋਂ ਇਕ ਹੈ ਅਤੇ ਵਿਸ਼ਵ ਵਿਚ ਕਪਾਹ ਦੀ ਪੈਦਾਵਾਰ ਦਾ ਲਗਭਗ 23 ਫੀਸਦੀ ਹਿੱਸਾ ਭਾਰਤ ਦਾ ਹੈ। ਦੇਸ਼ 'ਚ ਲੱਖਾਂ ਕਿਸਾਨਾਂ ਦੀ ਰੋਜ਼ੀ-ਰੋਟੀ ਕਪਾਹ ਦੀ ਫਸਲ ਦੀ ਪੈਦਾਵਾਰ 'ਤੇ ਨਿਰਭਰ ਕਰਦੀ ਹੈ ਪਰ ਪਿਛਲੇ ਕੁਝ ਸਾਲਾਂ ਤੋਂ ਪਿੰਕ ਬਾਲਵਰਮ (ਪੀ. ਬੀ. ਡਬਲਯੂ) ਦਾ ਹਮਲਾ ਇਕ ਵੱਡਾ ਖਤਰਾ ਬਣ ਗਿਆ ਹੈ। ਪੀ. ਬੀ. ਡਬਲਯੂ ਕਾਰਨ ਖਾਸ ਤੌਰ 'ਤੇ ਪੰਜਾਬ ਅਤੇ ਉੱਤਰੀ ਭਾਰਤ ਦੇ ਹੋਰਨਾ ਹਿੱਸਿਆਂ 'ਚ ਕਪਾਹ ਦੀ ਫਸਲ ਨੂੰ ਭਾਰੀ ਨੁਕਸਾਨ ਪਹੁੰਚ ਰਿਹਾ ਹੈ।



ਸਪੋਰਟਕਿੰਗ ਇੰਡੀਆ ਲਿਮਿਟਿਡ ਪੀ. ਬੀ. ਡਬਲਯੂ ਦੇ ਮੁੱਦੇ ਨਾਲ ਨਜਿੱਠਣ ਲਈ ਖੇਤੀ ਵਿਗਿਆਨ, ਪੋਸ਼ਕ ਤੱਤਾਂ ਆਦਿ ਦੇ ਪੈਕੇਜ ਸਮੇਤ ਇਕ ਪੂਰਨ ਦ੍ਰਿਸ਼ਟੀਕੋਣ ਦੀ ਖੋਜ ਕਰ ਰਿਹਾ ਹੈ। ਸਪੋਰਟਕਿੰਗ ਹੁਣ ਕਪਾਹ ਪੈਦਾ ਕਰਨ ਵਾਲੇ ਕਿਸਾਨਾਂ ਦੀ ਮਦਦ ਕਰਨ ਅਤੇ ਸਪੈਸ਼ਲਾਈਜ਼ਡ ਫੇਰੋਮੋਨ ਅਤੇ ਲਿਯੂਰ ਐਪਲੀਕੇਸ਼ਨ ਤਕਨਾਲੋਜੀ (ਐਸ. ਪੀ. ਐੱਲ. ਏ. ਟੀ.) 'ਤੇ ਕੇਂਦਰਿਤ ਇਕ ਪ੍ਰਜੈਕਟ ਦੀ ਫੰਡਿੰਗ ਲਈ ਏ. ਟੀ. ਜੀ. ਸੀ. ਬਾਇਓਟੈਕ, ਰਿਵਾਈਵਿੰਗ ਗ੍ਰੀਨ ਰੈਵੋਲਿਊਸ਼ਨ ਸੈੱਲ ਅਤੇ ਟੀਮ ਐਂਕਰਾ ਪ੍ਰਾਈਵੇਟ ਲਿਮ. ਨਾਲ ਸਹਿਯੋਗ ਕਰ ਰਿਹਾ ਹੈ।

ਮੁਨੀਸ਼ ਅਵਸਥੀ, ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ, ਸਪੋਰਟਕਿੰਗ ਇੰਡੀਆ ਲਿਮ. ਨੇ ਦੱਸਿਆ ਕਿ ਕਪਾਹ ਪੈਦਾਵਾਰ 'ਚ ਕਮੀ ਨਾ ਸਿਰਫ ਛੋਟੇ ਕਿਸਾਨਾਂ ਲਈ ਨੁਕਸਾਨਦਾਇਕ ਹੈ, ਸਗੋਂ ਦੇਸ਼ ਦੇ ਜਿਨਰਸ, ਯਾਰਨ ਨਿਰਮਾਤਾਵਾਂ, ਕਾਟਨ ਫੈਬ੍ਰਿਕਸ ਅਤੇ ਮੇਡਅਪ ਅਤੇ ਰੈਡੀਮੇਡ ਗਾਰਮੈਂਟਸ ਇੰਡਸਟਰੀ ਲਈ ਵੀ ਇਕ ਵੱਡਾ ਨੁਕਸਾਨ ਹੈ।

ਏ. ਟੀ. ਜੀ. ਸੀ. ਬਾਇਓਟੈਕ ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ, ਡਾ. ਮਾਰਕੰਡੇਅ ਗੋਰੰਟਲਾ ਨੇ ਕਿਹਾ ਕਿ ਖੇਤੀ 'ਤੇ ਕੇਂਦਰਿਤ ਜਥੇਬੰਦੀ ਦੇ ਰੂਪ 'ਚ ਉਨ੍ਹਾਂ ਦੀ ਵਚਨਬੱਧਤਾ ਅਤੇ ਖੋਜ ਪੰਜਾਬ ਲਈ ਸਰਕਾਰ ਦੇ ਨਜ਼ਰੀਏ ਅਤੇ ਇਰਾਦੇ ਮੁਤਾਬਕ ਹੈ। ਉਨ੍ਹਾਂ ਦੱਸਿਆ ਕਿ ਐਸ. ਪੀ. ਐਲ. ਏ. ਟੀ. ਦਾ ਪ੍ਰੀਖਣ ਹੋ ਚੁੱਕਾ ਹੈ ਅਤੇ ਇਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਮਨਜ਼ੂਰਸ਼ੁਦਾ ਹੈ।

# ਆਓ ਝੋਨੇ ਦੀ ਫਸਲ ਦਾ ਝਾੜ ਵਧਾਈਏ ਪਨੀਰੀ ਦੀਆਂ ਜੜ੍ਹਾਂ ਨੂੰ ਜੀਵਾਣੂੰ ਖਾਦ ਲਗਾਈਏ


ਜੁਪਿੰਦਰ ਕੌਰ ਅਤੇ ਪ੍ਰਤਿਭਾ ਵਯਾਸ, ਮਾਈਕਰੋਬਾਇਓਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ ਮੋਬਾਇਲ : 95925-03631


ਲੋੜੀਂਦੀ ਉਤਪਾਦਕਤਾ ਨੂੰ ਪੂਰਾ ਕਰਨ ਲਈ, ਝੋਨੇ ਦੀ ਫਸਲ ਨੂੰ ਨਾਈਟ੍ਰੋਜਨ, ਫਾਸਫੋਰਸ ਅਤੇ ਪੋਟਾਸ਼ੀਅਮ ਦੀ ਸੰਤੁਲਿਤ ਅਤੇ ਲੋੜੀਂਦੀ ਮਾਤਰਾ ਦੀ ਲੋੜ ਹੁੰਦੀ ਹੈ। ਰਸਾਇਣਕ ਖਾਦਾਂ ਅਤੇ ਜੀਵਾਣੂੰ ਖਾਦਾਂ ਦੀ ਸੰਯੁਕਤ ਵਰਤੋਂ, ਇਸ



ਫਸਲ ਦੀ ਖੁਰਾਕੀ ਮੰਗ ਨੂੰ ਪੂਰਾ ਕਰਨ ਵਿਚ ਸਹਾਇਤਾ ਕਰਦੀ ਹੈ।

**ਫਾਇਦੇ**

★ ਜੀਵਾਣੂੰ ਖਾਦ ਵਿਚ ਸੂਖਮ ਜੀਵ ਹੁੰਦੇ ਹਨ ਜੋ ਫਸਲਾਂ ਨੂੰ ਪੌਸ਼ਟਿਕ ਤੱਤ ਮੁਹੱਈਆ ਕਰਵਾਉਂਦੇ ਹਨ।

★ ਜੀਵਾਣੂੰ ਖਾਦਾਂ ਵਿਚਲੇ ਸੂਖਮ ਜੀਵਾਣੂੰ, ਹਵਾ ਵਿਚਲੀ ਨਾਈਟਰੋਜਨ ਜਮ੍ਹਾ ਕਰਨ, ਮਿੱਟੀ ਵਿਚਲੀ ਅਣਘੁਲੀ ਫਾਸਫੋਰਸ ਨੂੰ ਘੁਲਣਸ਼ੀਲ ਬਣਾਉਣ ਦੀ ਸਮਰੱਥਾ ਦੀ ਨਾਲ ਨਾਲ ਪੌਦੇ ਦੇ ਵਿਕਾਸ ਵਿਚ ਸਹਾਇਕ ਹਾਰਮੋਨ ਬਣਾਉਂਦੇ ਹਨ ਜੋ ਕਿ ਪੌਦਿਆਂ ਨੂੰ ਵੱਧਣ-ਫੁੱਲਣ ਵਿਚ ਮਦਦ ਕਰਦੇ ਹਨ। ਜੀਵਾਣੂੰ ਖਾਦਾਂ ਰਵਾਇਤੀ ਖਾਦਾਂ ਤੋਂ ਵੱਖਰਾ ਵਿਕਲਪ ਪੇਸ਼ ਕਰਦੀਆਂ ਹਨ।

★ ਮਿੱਟੀ ਦੀ ਸਿਹਤ ਵਿਚ ਸੁਧਾਰ

★ ਫਸਲਾਂ ਦੇ ਝਾੜ ਵਿਚ ਵਾਧਾ

★ ਵਾਤਾਵਰਣ ਪੱਖੀ

★ ਮਿੱਟੀ ਦੀ ਸਿਹਤ ਅਤੇ ਉਪਜਾਊ ਸ਼ਕਤੀ ਵਿਚ ਸੁਧਾਰ

ਝੋਨੇ ਦੀ ਪਨੀਰੀ ਦੀਆਂ ਜੜ੍ਹਾਂ 'ਤੇ ਲਗਾਉਣ ਲਈ ਪੀਏਯੂ ਦੁਆਰਾ ਐਜ਼ੋਸਪੀਰਿਲਮ ਜੀਵਾਣੂੰ ਖਾਦ ਦੀ ਸਿਫਾਰਸ਼ ਕੀਤੀ ਗਈ ਹੈ।

**ਐਜ਼ੋਸਪੀਰਿਲਮ ਜੀਵਾਣੂੰ ਖਾਦ ਵਰਤਣ ਦੀ ਵਿਧੀ**

ਇਸ ਖਾਦ ਦੀ ਵਰਤੋਂ ਲਈ 500 ਗ੍ਰਾਮ ਚਾਰਕੋਲ ਅਧਾਰਿਤ ਐਜ਼ੋਸਪੀਰਿਲਮ ਜੀਵਾਣੂੰ ਖਾਦ ਨੂੰ 100 ਲੀਟਰ ਪਾਣੀ ਵਿਚ ਮਿਲਾਇਆ ਜਾਣਾ ਚਾਹੀਦਾ ਹੈ ਅਤੇ ਝੋਨੇ ਦੀ ਪਨੀਰੀ ਦੀਆਂ ਜੜ੍ਹਾਂ (ਇਕ ਏਕੜ ਜ਼ਮੀਨ ਦੇ ਖੇਤਰ ਵਿਚ ਬੀਜਣ ਲਈ) ਨੂੰ ਤਿਆਰ ਕੀਤੇ ਜੀਵਾਣੂੰ ਖਾਦ ਦੇ ਘੋਲ ਵਿਚ ਘੱਟੋ ਘੱਟ 45 ਮਿੰਟ ਲਈ ਡੁਬੋ ਕੇ ਰੱਖਣਾ ਹੈ ਅਤੇ ਇਸ ਤੋਂ ਬਾਅਦ ਖੇਤ ਵਿਚ ਪਨੀਰੀ ਦੀ ਬਿਜਾਈ ਕੀਤੀ ਜਾਂਦੀ ਹੈ।

**ਉਪਲੱਬਧਤਾ**

ਇਹ ਜੀਵਾਣੂੰ ਖਾਦ ਮਾਈਕਰੋਬਾਇਓਲੋਜੀ ਵਿਭਾਗ ਅਤੇ ਬੀਜ ਵਿਕਰੀ ਦੀ ਦੁਕਾਨ, ਗੇਟ ਨੰਬਰ 1, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਖਰੀਦੀ ਜਾ ਸਕਦੀ ਹੈ। ਇਸ ਤੋਂ ਇਲਾਵਾ ਜੀਵਾਣੂੰ ਖਾਦ ਨੂੰ ਖੇਤੀਬਾੜੀ ਵਿਗਿਆਨ ਕੇਂਦਰਾਂ, ਕਿਸਾਨ ਸਲਾਹਕਾਰ ਸੇਵਾ ਕੇਂਦਰਾਂ ਅਤੇ ਪੀ ਏ ਯੂ ਦੇ ਖੇਤਰੀ ਖੋਜ ਕੇਂਦਰਾਂ ਤੋਂ ਵੀ ਅਗਾਊਂ ਮੰਗ 'ਤੇ ਖਰੀਦਿਆ ਜਾ ਸਕਦਾ ਹੈ।

**ਸੰਪਰਕ**

ਪੀ. ਏ. ਯੂ. ਵਲੋਂ ਸਿਫਾਰਸ਼ ਕੀਤੀਆਂ ਜੀਵਾਣੂੰ ਖਾਦਾਂ ਬਾਰੇ ਵਧੇਰੇ ਜਾਣਕਾਰੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਮਾਈਕਰੋਬਾਇਓਲੋਜੀ ਵਿਭਾਗ ਦੇ ਮੁਖੀ ਦੇ ਦਫਤਰ ਤੋਂ hodmb@pau.edu ਨੂੰ ਈਮੇਲ ਕਰਕੇ ਜਾਂ 94176-02272 ਜਾਂ 0161-2401960 ਐਕਸਟੇਂਸ਼ਨ 330 'ਤੇ ਕਾਲ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

# ਚਾਰੇ ਵਾਲੀ ਮੱਕੀ ਦੀ ਕਾਸ਼ਤ ਦਾ ਢੁੱਕਵਾਂ ਢੰਗ

ਪੰਜਾਬ ਵਿਚ ਦੁਧਾਰੂ ਪਸ਼ੂਆਂ ਦੀ ਚੰਗੀ ਸਿਹਤ ਲਈ ਸਾਰਾ ਸਾਲ ਗੁਣਵੱਤਾ ਭਰਪੂਰ ਹਰੇ ਚਾਰੇ ਦੀ ਲੋੜ ਰਹਿੰਦੀ ਹੈ। ਚਾਰੇ ਵਾਲੀ ਮੱਕੀ ਦੀ ਬਿਜਾਈ ਅੱਧ ਅਪ੍ਰੈਲ ਤੋਂ ਅੱਧ ਅਗਸਤ ਤੱਕ ਕਰਨ ਨੂੰ ਤਰਜੀਹ ਦਿਓ।

| ਫਸਲ | ਕਿਸਮਾਂ | ਬੀਜ ਦੀ ਮਾਤਰਾ (ਕਿਲੋ/ਏਕੜ) | ਕਟਾਈ ਦਾ ਸਮਾਂ | ਔਸਤਨ ਝਾੜ (ਕੁਇ./ਏਕੜ) |
|---|---|---|---|---|
| ਮੱਕੀ | ਜੇ 1008 | 30 | 50-60 ਦਿਨ | 163 |
| | ਜੇ 1007 | | | 168 |
| | ਜੇ 1006 | | | 165 |

**ਬੀਜ ਦੀ ਮਾਤਰਾ ਅਤੇ ਬਿਜਾਈ ਦਾ ਢੰਗ** : ਚਾਰੇ ਵਾਲੀ ਮੱਕੀ ਦਾ ਬੀਜ 30 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤ ਵਿਚ ਪਾਓ। ਜੇਕਰ ਮੱਕੀ ਅਤੇ ਰਵਾਂਹ ਰਲਾ ਕੇ ਬੀਜਣੇ ਹੋਣ ਤਾਂ ਮੱਕੀ ਦਾ ਬੀਜ 15 ਕਿਲੋ ਅਤੇ ਰਵਾਂਹ ਦਾ ਬੀਜ 6 ਕਿਲੋ ਦੇ ਹਿਸਾਬ ਨਾਲ ਵਰਤੋ। ਜ਼ੀਰੋ ਟਿੱਲ ਡਰਿੱਲ ਨਾਲ ਮੱਕੀ ਨੂੰ ਬਿਨਾ ਵਾਹੇ ਵੀ ਬੀਜਿਆ ਜਾ ਸਕਦਾ ਹੈ।

**ਨਦੀਨਾਂ ਦੀ ਰੋਕਥਾਮ** : ਨਦੀਨਾਂ ਨੂੰ ਕਾਬੂ ਕਰਨ ਲਈ 800 ਗ੍ਰਾਮ ਐਟਰਾਟਾਫ 50 ਡਬਲਯੂ ਪੀ (ਐਟਰਾਜ਼ੀਨ) ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿਚ ਅਤੇ 500 ਗ੍ਰਾਮ ਹਲਕੀਆਂ ਜ਼ਮੀਨਾਂ ਵਿਚ ਬਿਜਾਈ ਤੋਂ 10 ਦਿਨਾਂ ਦੇ ਅੰਦਰ 200 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਧਿਆਨ ਰੱਖੋ ਕਿ ਜੇਕਰ ਮੱਕੀ ਦੇ ਚਾਰੇ ਵਿਚ ਰਵਾਂਹ ਦੀ ਫਸਲ ਨੂੰ ਰਲਾ ਕੇ ਬੀਜਿਆ ਹੋਵੇ ਤਾਂ ਐਟਰਾਜ਼ੀਨ ਦੀ ਵਰਤੋਂ ਨਾ ਕਰੋ।

**ਖਾਦਾਂ** : ਖੇਤ ਤਿਆਰ ਕਰਨ ਤੋਂ ਪਹਿਲਾਂ ਗਲੀ ਸੜੀ ਰੂੜੀ 10 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉਣ ਦੇ ਨਾਲ ਪੋਟਾਸ਼, ਨਾਈਟ੍ਰੋਜਨ, ਜ਼ਿੰਕ ਅਤੇਫਾਸਫੋਰਸ ਦੀ ਘਾਟ ਵੀ ਪੂਰੀ ਹੁੰਦੀ ਹੈ। ਜੇਕਰ ਕਣਕ ਦੇ ਵਿਚ ਸਿਫਰਿਸ਼ ਮਾਤਰਾ ਵਿਚ ਫਾਸਫੋਰਸ ਪਾਈ ਹੋਵੇ ਤਾਂ ਮੱਕੀ ਨੂੰ ਬਿਜਾਈ ਵੇਲੇ ਇਸ ਤੱਤ ਦੀ ਲੋੜ ਨਹੀਂ। ਇਕ ਤਿਹਾਈ ਨਾਈਟ੍ਰੋਜਨ ਖਾਦ (37 ਕਿਲੋ ਯੂਰੀਆ) ਬਿਜਾਈ ਵੇਲੇ ਪਾਓ ਅਤੇ ਅੱਧੀ ਨਾਈਟ੍ਰੋਜਨ ਖਾਦ (74 ਕਿਲੋ ਯੂਰੀਆ) ਨੂੰ ਦੋ ਬਰਾਬਰ ਹਿੱਸਿਆਂ ਵਿਚ ਪਾਓ। ਪੋਟਾਸ਼ ਖਾਦ ਦੀ ਵਰਤੋਂ ਮਿੱਟੀ ਪਰਖ ਦੇ ਅਧਾਰ ਤੇ ਕਰੋ।

**ਸਿੰਚਾਈ** : ਗਰਮ ਰੁੱਤ ਦੀ ਮੱਕੀ ਨੂੰ ਅਕਸਰ 4-5 ਪਾਣੀਆਂ ਦੀ ਲੋੜ ਹੁੰਦੀ ਹੈ, ਪਰ ਸਾਉਣੀ ਰੁੱਤ ਵਿਚ ਬਰਸਾਤ ਨੂੰ ਧਿਆਨ ਵਿਚ ਰੱਖ ਕੇ ਹੀ ਸਿੰਚਾਈ ਕਰੋ।


ਮਨਦੀਪ ਸਿੰਘ, ਗਗਨਦੀਪ ਧਵਨ ਅਤੇ ਹਰਿੰਦਰ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ, ਕਪੂਰਥਲਾ, ਮੋਬਾਇਲ : 97800-90300

# ਕਿਸਾਨ ਭਰਾਵਾਂ ਲਈ ਇਸ ਹਫਤੇ ਦੇ ਖੇਤੀ ਰੁਝੇਵੇਂ

**ਝੋਨਾ** : ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਖੇਤਾਂ ਵਿਚ ਝੋਨੇ ਦੀ ਸਿੱਧੀ ਬਿਜਾਈ ਪੂਰੀ ਕਰ ਲਵੋ ਅਤੇ ਸਿੱਧੀ ਬੀਜਾਈ ਵਾਲੇ ਖੇਤਾਂ ਵਿਚ ਨਦੀਨਾਂ ਦੀ ਰੋਕਥਾਮ ਪੀ. ਏ. ਯੂ. ਦੀ ਸਿਫਾਰਿਸ਼ਾਂ ਦੇ ਅਨੁਸਾਰ ਕਰੋ। ਇਹ ਸਮਾਂ ਬਾਸਮਤੀ ਦੀਆਂ ਕਿਸਮਾਂ ਸੀ ਐਸ ਆਰ-30 ਅਤੇ ਪੂਸਾ



ਬਾਸਮਤੀ 1509 ਦੀ ਪਨੀਰੀ ਲਾਉਣ ਲਈ ਢੁੱਕਵਾਂ ਹੈ। ਝੋਨੇ ਦੀਆਂ ਸਿਫਾਰਸ਼ ਕਿਸਮ ਪੀ ਆਰ 126 ਦੀ ਪਨੀਰੀ ਦੀ ਬਿਜਾਈ ਕਰ ਲਉ। ਬੀਜ ਤੋਂ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਬਿਜਾਈ ਤੋਂ ਪਹਿਲਾਂ ਬੀਜ ਨੂੰ 3 ਗ੍ਰਾਮ ਸਪਿਰੰਟ ਪ੍ਰਤੀ ਕਿੱਲੋ ਦੇ ਹਿਸਾਬ ਨਾਲ 10-12 ਮਿ.ਲਿ. ਪਾਣੀ ਵਿਚ ਘੋਲ ਕੇ ਸੋਧ ਲਓ। ਝੋਨੇ ਦੀ ਪਨੀਰੀ ਨੂੰ ਲੋੜ ਅਨੁਸਾਰ ਪਾਣੀ ਦਿੰਦੇ ਰਹੋ। ਅੱਧ ਮਈ ਵਿਚ ਬੀਜੀ ਗਈ ਝੋਨੇ ਦੀ ਪਨੀਰੀ ਨੂੰ ਯੂਰੀਆ ਦੀ ਦੂਸਰੀ ਖੁਰਾਕ (26 ਕਿਲੋ/ਏਕੜ ਪਾਉ ਤਾਂ ਜੋ ਖੇਤ ਵਿਚ ਲਗਾਉਣ ਲਈ ਪਨੀਰੀ ਸਮੇਂ ਸਿਰ ਤਿਆਰ ਹੋ ਜਾਵੇ। ਝੋਨੇ ਜਾਂ ਬਾਸਮਤੀ ਦੀ ਪਨੀਰੀ ਵਿਚ ਜੜ੍ਹ-ਗੰਢ ਨੀਮਾਟੋਡ ਦੀ ਰੋਕਥਾਮ ਲਈ ਪਨੀਰੀ ਬੀਜਣ ਤੋਂ 10 ਦਿਨ ਪਹਿਲਾਂ ਖੇਤ ਦੀ ਰੌਣੀ ਉਪਰੰਤ ਆਖਰੀ ਵਾਹੀ ਵੇਲੇ 40 ਗ੍ਰਾਮ ਸਰੋਂ ਦੀ ਖਲ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਪਾਓ।

**ਕਮਾਦ** : ਫਸਲ ਦੇ ਚੰਗੇਰੇ ਝਾੜ ਲਈ 7 ਤੋਂ 12 ਦਿਨਾਂ ਦੇ ਵਕਫੇ ਤੇ ਪਾਣੀ ਦਿੰਦੇ ਰਹੋ। ਡੀਲਾ/ਮੋਥਾ ਦੀ ਰੋਕਥਾਮ ਲਈ 2, 4-ਡੀ ਸੋਡੀਅਮ ਸਾਲਟ 80 ਪ੍ਰਤੀਸ਼ਤ 800 ਗ੍ਰਾਮ ਨੂੰ 200 ਲਿਟਰ ਪਾਣੀ ਵਿਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਖਾਦਾਂ ਪਾਉਣ ਤੋਂ ਬਾਅਦ ਖੇਤ ਨੂੰ ਪਾਣੀ ਦੇ ਦਿਓ। ਪਾਣੀ ਦੀ ਬੱਚਤ ਲਈ ਗੰਨੇ ਦੀਆਂ ਲਾਈਨਾਂ ਵਿਚਕਾਰ 20-25 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਝੋਨੇ ਦੀ ਪਰਾਲੀ ਜਾਂ ਗੰਨੇ ਦੀ ਪੱਤੀ ਵਿਛਾ ਦੇਵੋ।

**ਦਾਲਾਂ (ਅਰਹਰ)** : ਅਰਹਰ ਦੀ ਕਿਸਮ ਏ ਐਲ 882 ਦਾ ਵੱਧ ਝਾੜ ਲੈਣ ਲਈ ਇਸ ਦੀ ਬਿਜਾਈ 15 ਜੂਨ ਤੋਂ 25 ਜੂਨ ਤੱਕ 30 ਸੈਂਟੀਮੀਟਰ ਦੇ ਸਿਆੜ ਤੋਂ ਸਿਆੜ ਦੇ ਫਾਸਲੇ ਤੇ 12 ਕਿਲੋ ਬੀਜ ਪ੍ਰਤੀ ਏਕੜ ਨਾਲ ਕਰੋ।

**ਨਰਮਾ** : ਕਪਾਹ ਤੇ ਨਰਮਾ ਕੰਘੀ ਬੂਟੀ ਅਤੇ ਪੀਲੀ ਬੂਟੀ ਨੂੰ ਵੱਟਾਂ ਬੰਨਿਆਂ ਤੋਂ ਖਤਮ ਕਰ ਦਿਉ ਕਿਉਕਿ ਪੱਤਾ ਮਰੋੜ ਵਾਇਰਸ ਨਰਮੇ ਤੇ ਹਮਲਾ



ਕਰਨ ਤੋਂ ਪਹਿਲਾਂ ਇਥੇ ਹੀ ਪਲਦਾ ਹੈ। ਚਿੱਟੀ ਮੱਖੀ ਦੇ ਫੈਲਾਅ ਨੂੰ ਰੋਕਣ ਲਈ ਬਿਜਾਈ ਤੋਂ ਪਹਿਲਾਂ ਖਾਲੀ ਥਾਵਾਂ, ਸੜਕਾਂ ਦੇ ਕਿਨਾਰਿਆਂ, ਖਾਲਿਆਂ ਦੀਆਂ ਵੱਟਾਂ ਅਤੇ ਬੇਕਾਰ ਪਈ ਭੂਮੀ ਵਿਚੋਂ ਚਿੱਟੀ ਮੱਖੀ ਦੇ ਬਦਲਵੇਂ ਨਦੀਨ ਜਿਵੇਂ ਕਿ ਕੰਘੀ ਬੂਟੀ, ਪੀਲੀ ਬੂਟੀ, ਪੁੱਠ ਕੰਡਾ, ਧਤੂਰਾ, ਭੰਗ ਆਦਿ ਨੂੰ ਨਸ਼ਟ ਕਰ ਦਿਓ। ਨਰਮੇ ਦੀ ਫਸਲ ਵਿਚ ਨਦੀਨਾਂ ਦੀ ਰੋਕਥਾਮ ਲਈ 2-3 ਗੋਡੀਆਂ ਕਰੋ, ਪਹਿਲੀ ਗੋਡੀ ਪਹਿਲੇ ਪਾਣੀ ਤੋਂ ਪਹਿਲਾਂ, ਪਹੀਏ ਵਾਲੀ ਤ੍ਰਿਫਾਲੀ ਟਰੈਕਟਰ ਨਾਲ ਚੱਲਣ ਵਾਲੇ ਟਿੱਲਰ/ਰੋਟਰੀ ਵੀਡਰ ਨਾਲ ਕਰੋ। ਫਸਲ ਨੂੰ ਫੁੱਲ ਜਾਂ ਟੀਡੇ ਪੈਣ ਤੋਂ ਬਾਅਦ ਇਹਨਾਂ ਦੀ ਵਰਤੋਂ ਨਾ ਕਰੋ। ਜਿੱਥੇ ਕਿਤੇ ਇਟਸਿੱਟ ਨਦੀਨ ਪਹਿਲੀ ਸਿੰਚਾਈ ਜਾਂ ਬਰਸਾਤ ਮਗਰੋਂ ਉੱਗਦੇ ਹਨ ਤਾਂ ਸਟੌਂਪ 30 ਤਾਕਤ ਇਕ ਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ 200 ਲਿਟਰ ਪਾਣੀ ਵਿਚ ਘੋਲ ਕੇ ਛਿੜਕੋ।

**ਹਰੇ ਚਾਰੇ** : ਗੈਰ ਫਲੀਦਾਰ ਅਤੇ ਫਲੀਦਾਰ ਚਾਰੇ ਜਿਵੇਂ ਕਿ ਮੱਕੀ + ਰਵਾਂਹ ਰਲਾ ਕੇ ਬੀਜੋ, ਇਸ ਤਰ੍ਹਾਂ ਜ਼ਿਆਦਾ ਪੌਸ਼ਟਿਕ ਚਾਰਾ ਮਿਲੇਗਾ। ਚਾਰੇ ਦੇ ਚੰਗੇ ਵਾਧੇ ਲਈ ਕੁਝ ਵਕਫੇ ਬਾਅਦ ਲਗਾਤਾਰ ਪਾਣੀ ਦਿਉ।

**ਮੱਕੀ** : ਮਈ ਮਹੀਨੇ ਦੇ ਅਖੀਰ ਜੂਨ ਤੱਕ ਵਿਚ ਮੱਕੀ ਦੀ ਕਾਸ਼ਤ ਕਰੋ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਸ਼ ਕਿਸਮਾਂ ਹੀ ਬੀਜੋ। ਬੈੱਡ ਬਨਾਉਣ ਲਈ ਕਣਕ ਵਾਲੇ ਬੈੱਡ ਪਲਾਂਟਰ ਦੀ ਵਰਤੋਂ ਕੀਤੀ ਜਾ ਸਕਦੀ ਹੈ। ਬੈੱਡ ਜਾਂ ਵੱਟਾਂ ਤੇ ਮੱਕੀ ਦੀ ਬਿਜਾਈ ਨੂੰ ਤਰਜੀਹ ਦਿਓ। ਖਾਦਾਂ ਮਿੱਟੀ ਪਰਖ ਦੇ ਆਧਾਰ ਤੇ ਹੀ ਪਾਉ।

**ਬਾਗਬਾਨੀ** : ਗਰਮੀ ਵਿਚ ਹੋਰ ਵਾਧਾ ਹੋਣ ਨਾਲ ਫਲਾਂ ਦਾ ਕੇਰਾ ਵਧ ਸਕਦਾ ਹੈ। ਅੰਬ, ਲੀਚੀ, ਨਾਸ਼ਪਾਤੀ, ਨਿੰਬੂ ਜਾਤੀ ਦੇ ਬਾਗਾਂ ਆਦਿ ਵਿਚ ਲਗਾਤਾਰ ਸਿੱਲ੍ਹ ਬਣਾਈ ਰੱਖੋ ਅਤੇ ਲਗਾਤਾਰ ਹਲਕੀਆਂ ਸਿੰਚਾਈਆਂ ਕਰਦੇ ਰਹੋ।

★ ਫਲਦਾਰ ਬੂਟਿਆਂ ਦੇ ਮੁੱਢਾਂ ਨੂੰ ਤਿੱਖੀ ਧੁੱਪ ਤੋਂ ਬਚਾਉਣ ਲਈ ਕਲੀ ਦੇ ਘੋਲ ਦਾ ਲੇਪ ਕੀਤਾ ਜਾ ਸਕਦਾ ਹੈ।

★ ਛੋਟੇ ਫਲਦਾਰ ਬੂਟਿਆਂ ਨੂੰ ਤੇਜ਼ ਗਰਮੀ ਤੋਂ ਬਚਾਉਣ ਲਈ ਪਰਾਲੀ ਜਾਂ ਖਜੂਰ ਦੇ ਪੱਤਿਆਂ ਨਾਲ ਛੌਰਾ ਕੀਤਾ ਜਾ ਸਕਦਾ ਹੈ ਅਤੇ ਇਹਨਾਂ ਨੂੰ ਲਗਾਤਾਰ ਹਲਕੇ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ।

★ ਨਿੰਬੂ ਜਾਤੀ ਦੇ ਬੂਟਿਆਂ ਉੱਪਰ ਜ਼ਿੰਕ ਸਲਫੇਟ 4.7 ਗ੍ਰਾਮ ਅਤੇ ਮੈਂਗਨੀਜ਼ ਸਲਫੇਟ 3.3 ਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ।

★ ਇਸ ਸਮੇਂ ਬੇਰੀਆਂ ਦੀ ਕਾਂਟ-ਛਾਂਟ ਸ਼ੁਰੂ ਕੀਤੀ ਜਾ ਸਕਦੀ ਹੈ।

**ਸਬਜ਼ੀਆਂ** : ਟਮਾਟਰ, ਬੈਂਗਣ, ਮਿਰਚ, ਸ਼ਿਮਲਾ ਮਿਰਚ ਅਤੇ ਵੇਲਾਂ ਵਾਲੀਆਂ ਸਬਜ਼ੀਆਂ ਨੂੰ ਪਾਣੀ ਸਹੀ ਅੰਤਰਾਲ ਤੇ ਦਿਓ ਅਤੇ ਲੋੜ ਤੋਂ ਵੱਧ ਪਾਣੀ ਨਾ ਲਾਓ।

★ ਤੁੜਾਈ ਸਮੇਂ ਬੂਟਿਆਂ ਦਾ ਧਿਆਨ ਰੱਖੋ ਤਾਂ ਜੋ ਇਹਨਾਂ ਨੂੰ ਨੁਕਸਾਨ ਨਾ ਪਹੁੰਚੇ।

★ ਬੈਂਗਣ, ਮਿਰਚ, ਸ਼ਿਮਲਾ ਮਿਰਚ ਅਤੇ ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਤੁੜਾਈ ਸਮੇਂ-ਸਮੇਂ



ਤੇ ਕਰਦੇ ਰਹੋ। ਮਾਰਚ ਵਿਚ ਬੀਜੀ ਗਈ ਸਾਉਣੀ ਦੇ ਗੰਢਿਆਂ ਦੀ ਪਨੀਰੀ ਦੀ ਚੰਗੀ ਤਰ੍ਹਾਂ ਦੇਖਭਾਲ ਕਰੋ ਅਤੇ 5-7 ਦਿਨਾਂ ਦੇ ਵਕਫੇ ਤੇ ਪਾਣੀ ਦਿੰਦੇ ਰਹੋ।

**ਪਸ਼ੂ ਪਾਲਣ** : ਪਸ਼ੂ ਸ਼ੈੱਡ ਅੰਦਰ ਸਾਫ ਸੁਥਰੇ ਪੀਣ ਵਾਲੇ ਪਾਣੀ ਦੀ ਵਿਵਸਥਾ ਹੋਣੀ ਚਾਹੀਦੀ ਹੈ। ਦਸ ਪਸ਼ੂਆਂ ਲਈ 6 ਫੁੱਟ ਲੰਬੀ, 3 ਫੁੱਟ ਚੌੜੀ ਪਾਣੀ ਦੀ ਕੁੰਡ ਕਾਫੀ ਹੈ, ਜਿਸ ਵਿਚ 1500 ਲਿਟਰ ਦੇ ਕਰੀਬ ਪਾਣੀ ਇਕੱਠਾ ਕੀਤਾ ਜਾ ਸਕਦਾ ਹੈ। ਇਸ ਦੀਆਂ ਕੰਧਾਂ ਉੱਤੇ ਕਲੀ ਦਾ ਲੇਪ ਜ਼ਰੂਰ ਕਰੋ । ਅਜਿਹਾ ਕਰਨ ਨਾਲ ਕੰਧਾਂ ਉੱਤੇ ਕਾਈ ਨਹੀਂ ਜੰਮਦੀ। ਹਰੇਕ 15 ਦਿਨ ਬਾਅਦ ਇਕ ਕਿਰਿਆ ਅਪਨਾਓ। ਪਾਣੀ ਵਾਲੀ ਮੋਟਰ ਕਰ 3-4 ਘੰਟੇ ਬਾਅਦ ਚਲਾਉ ਤਾਂ ਜੋ ਪਾਣੀ ਤਾਜ਼ਾ ਤੇ ਠੰਡਾ ਮਿਲੇ। ਇੱਕ ਲਵੇਰੀ ਔਸਤਨ ਦਿਨ ਵਿਚ 70-80 ਲਿਟਰ ਪਾਣੀ ਪੀ ਜਾਂਦੀ ਹੈ, ਜ਼ਿਆਦਾ ਗਰਮੀ ਵਿਚ ਇਹ ਮਿਕਦਾਰ ਵੱਧ ਵੀ ਸਕਦੀ ਹੈ ਸੋ ਪਾਣੀ ਦੇ ਮਿਆਰ ਦਾ ਵਧੀਆ ਹੋਣਾ ਬਹੁਤ ਜ਼ਰੂਰੀ ਹੈ।

## ਪ੍ਰਜਣਨ ਵਿਘਨ ਤਕਨੀਕ ਨਾਲ

# ਨਰਮੇ ਦੀ ਗੁਲਾਬੀ ਸੁੰਡੀ ਦੀ ਰੋਕਥਾਮ


ਗੁਲਾਬੀ ਸੁੰਡੀ ਬੀ.ਟੀ. ਨਰਮੇ ਵਿਚ ਮੌਜੂਦ ਕ੍ਰਾਈ ਟੌਕਸਿਟ ਦੇ ਪ੍ਰਤਿਰੋਧ ਨੂੰ ਤੋੜਨ ਕਾਰਨ ਨਰਮਾ ਉਤਪਾਦਕਾਂ ਲਈ ਇੱਕ ਵੱਡੀ ਚੁਣੌਤੀ ਬਣ ਗਿਆ ਹੈ। ਇਹ ਕੀੜਾ ਨਰਮੇ ਦੇ ਫੁੱਲਾਂ ਅਤੇ ਟੀਡਿਆਂ ਤੇ ਹਮਲਾ ਕਰਦਾ ਹੈ ਅਤੇ ਸੀਜ਼ਨ ਦੇ ਅੰਤ ਵਿਚ ਰੂੰ ਅਤੇ ਬੀਜਾਂ ਦੀ ਮਾਤਰਾ ਅਤੇ ਗੁਣਵੱਤਾ ਦੋਨਾਂ ਨੂੰ ਘਟਾਉਂਦਾ ਹੈ। ਗੁਲਾਬੀ ਸੁੰਡੀ ਆਪਣੇ ਜੀਵਨ ਚੱਕਰ ਦਾ ਜ਼ਿਆਦਾਤਰ ਸਮਾਂ ਟੀਡਿਆਂ ਵਿਚ ਗੁਜ਼ਾਰਦੀ ਹੈ ਅਤੇ ਫਸਲ ਦੇ ਨੁਕਸਾਨ ਦਾ ਪਤਾ ਉਦੋਂ ਹੀ ਲਗਾਇਆ ਜਾ ਸਕਦਾ ਹੈ ਜਦੋਂ ਬਹੁਤ ਦੇਰ ਹੋ ਚੁੱਕੀ ਹੋਵੇ। ਇਹਨਾਂ ਹਾਲਾਤਾਂ ਵਿਚ ਕੀਟਨਾਸ਼ਕਾਂ ਨਾਲ ਗੁਲਾਬੀ ਸੁੰਡੀ ਨੂੰ ਕਾਬੂ ਕਰਨਾ ਇਕ ਮੁਸ਼ਕਿਲ ਕੰਮ ਬਣ ਗਿਆ ਹੈ। ਇਹਨਾਂ ਸਾਰੇ ਪਹਿਲੂਆਂ ਨੂੰ ਧਿਆਨ ਵਿਚ ਰੱਖਦੇ ਹੋਏ ਕੀੜਿਆਂ ਦੇ ਪ੍ਰਬੰਧਨ ਲਈ ਇਕ ਅਜਿਹੀ ਨਵੀਂ ਵਿਧੀ ਨੂੰ ਅਪਣਾਇਆ ਜਾ ਰਿਹਾ ਹੈ। ਜਿਹੜੀ ਕਿ ਕੀਟਾਂ ਦੀ ਜਨਸੰਖਿਆ ਨੂੰ ਕਾਬੂ ਕਰਨ ਵਿਚ ਕਾਫੀ ਕਾਰਗਰ ਸਿੱਧ ਹੋ ਰਹੀ ਹੈ। ਇਸਨੂੰ ਮੇਟਿੰਗ ਡਿਸਰੱਪਸ਼ਨ (ਪ੍ਰਜਣਨ ਵਿਘਨ) ਦੇ ਨਾਮ ਦੇ ਨਾਲ ਜਾਣਿਆ ਜਾਂਦਾ ਹੈ। ਇਸ ਵਿਧੀ ਰਾਹੀਂ ਇਕ ਵੱਖਰੀ ਕਿਸਮ ਦਾ ਰਸਾਇਣ ਜੋ ਕਿ ਗੁਲਾਬੀ ਸੁੰਡੀ ਦੇ ਮਾਦਾ ਕੀਟ ਦੇ ਰਸਾਇਣ ਨਾਲ ਮੇਲ ਖਾਂਦਾ ਹੈ, ਨੂੰ ਹਵਾ ਵਿਚ ਛੱਡਿਆ ਜਾਂਦਾ ਹੈ, ਜਿਹੜਾ ਕਿ ਨਰ ਕੀਟ ਨੂੰ ਉਲਝਣ ਵਿਚ ਪਾ ਕੇ ਮਾਦਾ ਕੀਟ ਦੀ ਭਾਲ ਨੂੰ ਮੁਸ਼ਕਿਲ ਬਣਾ ਦਿੰਦਾ ਹੈ। ਜਿਸ ਨਾਲ ਕੀਟਾਂ ਦੀ ਪ੍ਰਜਣਨ ਕਿਰਿਆ ਵਿਚ ਵਿਘਨ ਪੈਣ ਕਰਕੇ ਕੀਟਾਂ ਦੀ ਨਵੀਂ ਪੀੜ੍ਹੀ ਦੀ ਸੰਖਿਆ ਵਿਚ ਵਾਧਾ ਨਹੀਂ ਹੁੰਦਾ। ਇਸ ਰਸਾਇਣ ਨੂੰ ਅਲੱਗ-ਅਲੱਗ ਰੂਪ ਵਿਚ ਜਿਵੇਂ ਕਿ ਪੇਸਟ ਦੇ ਰੂਪ ਵਿਚ ਜਾਂ ਤਾਰ ਦੇ ਰੂਪ ਖੇਤਾਂ ਵਿਚ ਵਰਤਿਆ ਜਾਂਦਾ ਹੈ। ਗੁਲਾਬੀ ਸੁੰਡੀ ਦੇ ਫੀਰੋਮੋਨ ਗੌਸੀਪਲਊਰ 4% (7,11 ਹੈਕਸਾਡੇਕਾਡਾਈਨਾਇਲ) ਦੇ ਪੇਸਟਨੁਮਾ ਉਤਪਾਦ ਕੈਮੀਟ ਪੀ ਬੀ ਡਬਲਯੂ/ਨੈਟਮੇਟ ਪੀ ਬੀ ਡਬਲਯੂ ਨੂੰ ਤਿੰਨ ਵਾਰ 125 ਗ੍ਰਾਮ ਪ੍ਰਤੀ ਕਿਲੋ ਡੋਜ਼ ਦੀ ਵਰਤੋਂ ਕਰੋ। ਨਰਮੇ ਦੀ ਫਸਲ ਪਹਿਲੀ ਵਾਰ ਫੁੱਲ-ਡੋਡੀ ਦੀ ਆਮਦ ਤੇ (ਬਿਜਾਈ ਤੋਂ 45-55 ਦਿਨ ਦੇ ਵਕਫੇ ਤੇ) ਇਕ ਕਿਲੇ ਵਿਚ 400 ਬੂਟਿਆਂ ਤੇ ਇਕਸਾਰ ਲਗਾਇਆ ਜਾਵੇ। ਦੂਜੀ ਅਤੇ ਤੀਜੀ ਡੋਜ਼ ਨੂੰ ਇੱਕ ਇੱਕ ਮਹੀਨੇ ਦੇ ਵਕਫੇ



ਤੇ ਦੁਹਰਾਇਆ ਜਾਵੇ। ਲਗਾਉਣ ਦੀ ਵਿਧੀ ਅਨੁਸਾਰ ਮਟਰ ਦੇ ਦਾਣੇ ਜਿੰਨਾ ਪੇਸਟਨੁਮਾ ਫੀਰੋਮੋਨ ਨੂੰ ਬੂਟੇ ਦੇ ਸਿਖਰ ਤੋਂ ਪੰਜਵੀਂ/ਛੇਵੇਂ ਪੱਤੇ ਅਤੇ ਤਣੇ ਦੇ ਜੋੜ ਤੇ ਲਗਾਇਆ ਜਾਵੇ ਇਸ ਤਕਨੀਕ ਦਾ ਸਰਵੋਤਮ ਲਾਭ ਲੈਣ ਲਈ ਸਹੀ ਸਮੇਂ ਤੇ ਵੱਡੇ ਪੱਧਰ ਤੇ ਲਗਾਉਣਾ ਜ਼ਰੂਰੀ ਹੈ। ਜੇਕਰ ਲਗਾਉਣ ਤੋਂ 4-5 ਘੰਟਿਆਂ ਅੰਦਰ ਮੀਂਹ ਪੈ ਜਾਂਦਾ ਹੈ ਤਾਂ ਇਸ ਦੀ ਵਰਤੋਂ ਦੁਹਰਾਓ। ਉੱਪਰ ਦਿੱਤੀ ਤਕਨੀਕ ਦੇ ਬਦਲਦੇ ਰੂਪ ਵਿਚ ਪੀ ਬੀ ਨੌਟ/ਪੀ ਬੀ ਰੋਪ ਤਕਨਾਲੋਜੀ ਦੀ ਵੀ ਸਿਫਾਰਿਸ਼ ਕੀਤੀ ਗਈ ਹੈ। ਗੁਲਾਬੀ ਸੁੰਡੀ ਦੇ ਫੀਰੋਮੋਨ ਗੋਸਿਪਲਊਰ 4% (7,11 ਹੈਕਸਾਡੇਕਾਡਾਈਨਾਇਲ) ਤੇ ਪੀ ਬੀ ਰੋਪ ਆਧਾਰਿਤ ਉਤਪਾਦ ਪੀ ਬੀ ਨੌਟ ਨੂੰ 25 ਹੈਕਟੇਅਰ ਖੇਤਰ ਦੇ ਬਲਾਕ ਵਿਚ ਫੁੱਲ-ਡੋਡੀ ਦੀ ਆਮਦ ਤੇ ਬਿਜਾਈ ਤੋਂ 40 ਤੋਂ 50 ਦਿਨ ਦੇ ਵਕਫੇ ਤੇ) ਤੇ ਵਰਤੋਂ ਕਰੋ। ਲਗਾਉਣ ਦੀ ਵਿਧੀ ਅਨੁਸਾਰ ਪੀ ਬੀ ਨੌਟ ਦੀ ਤਾਰ ਨੂੰ ਨਰਮੇ ਦੇ ਪੌਦਿਆਂ ਦੀ ਉਪਰਲੀ ਛਤਰੀ ਤੇ ਬਾਹਰਲੇ ਬਲਾਕ ਦੀਆਂ ਸਰਹੱਦਾਂ ਤੇ ਇਕ ਮੀਟਰ ਦੀ ਦੂਰੀ ਬੰਨ੍ਹ ਦਿਓ ਜਦੋਂ ਕਿ ਬਲਾਕ ਅੰਦਰਵਾਰ ਪੀ ਬੀ ਨੌਟ ਨੂੰ ਇਕ ਦੂਜੇ ਤੋਂ ਪੰਜ ਮੀਟਰ ਦੀ ਦੂਰੀ ਤੇ ਬੰਨ ਦਿਓ। ਹਰ ਇਕ ਬਲਾਕ ਦੇ 25 ਹੈਕਟੇਅਰ ਖੇਤਰ ਵਿਚ 9875 ਖੇਤਰ ਤਾਰਾਂ ਨੂੰ ਨਰਮੇ ਦੇ ਪੌਦਿਆਂ ਤੇ ਬੰਨ੍ਹਣਾ ਚਾਹੀਦਾ ਹੈ। ਇਸ ਤਕਨੀਕ ਨਾਲ ਸਰਵੋਤਮ ਲਾਭ ਲੈਣ ਲਈ ਸਹੀ ਸਮੇਂ ਅਤੇ ਵੱਡੇ ਪੱਧਰ ਤੇ ਲਗਾਉਣਾ ਜ਼ਰੂਰੀ ਹੈ। ਇਸ ਤਕਨੀਕ ਉੱਤੇ ਮੀਂਹ ਦਾ ਕੋਈ ਅਸਰ ਨਹੀਂ ਪੈਂਦਾ।

**ਜਸਰੀਤ ਕੌਰ, ਜਸਜਿੰਦਰ ਕੌਰ ਅਤੇ ਵਿਜੈ ਕੁਮਾਰ, ਖੇਤੀ ਖੋਜ ਕੇਂਦਰ ਬਠਿੰਡਾ**

# ਕੁਦਰਤ ਦੀ ਕਲਿਆਣਕਾਰੀ ਅਤੇ ਖੂਬਸੂਰਤ ਲੀਲ੍ਹਾ ਦਾ ਕਤਲ



ਮਹਿੰਦਰ ਸਿੰਘ ਦੋਸਾਂਝ
ਮੋ. 94632-33991

**ਹਾਲਾਂਕਿ ਅੱਗ ਲਾਉਣ ਵਾਲੇ ਤੇ ਅੱਗ ਦਾ ਸਵਾਗਤ ਕਰਨ ਵਾਲੇ ਕਿਸਾਨ ਇਹ ਨਹੀਂ ਜਾਣਦੇ ਕਿ ਅੱਗ ਦੀਆਂ ਲਾਟਾਂ ਤੇ ਧੂੰਏ ਰਾਹੀਂ ਉੱਪਰ ਚੜ੍ਹੇ ਏਅਰੋਸਲੋ, ਤੇਜ਼ਾਬ, ਕਾਰਬਨ ਤੇ ਹੋਰ ਮਾਰੂ ਗੈਸਾਂ ਆਸਮਾਨ ਵਿਚ ਜਾ ਕੇ ਸਦੀਆਂ ਵਾਸਤੇ ਸਥਿਰ ਹੋ ਜਾਂਦੀਆਂ ਹਨ ਤੇ ਗਰੀਨ ਹਾਊਸ ਪ੍ਰਭਾਵ ਦੀ ਤਹਿ ਨੂੰ ਖਤਰਨਾਕ ਹੱਦ ਤੱਕ ਮਜ਼ਬੂਤ ਕਰਦੀਆਂ ਹਨ । ਇਸ ਤਹਿ ਵਿੱਚੋਂ ਲੰਘ ਕੇ ਸੂਰਜ ਦੀਆਂ ਤੇਜ਼ ਪ੍ਰਾਬੈਂਗਣੀ ਕਿਰਨਾਂ ਧਰਤੀ 'ਤੇ ਭੰਡਾਰ ਹੋ ਕੇ ਗਰਮੀ ਵਿਚ ਬੇਤਹਾਸ਼ਾ ਵਾਧਾ ਕਰਦੀਆਂ ਹਨ । ਇਸ ਕਰਕੇ ਕੁਦਰਤ ਵਲੋਂ ਸਥਾਪਿਤ ਕੀਤਾ ਗਿਆ ਬਰਸਾਤਾਂ ਤੇ ਮੌਸਮਾਂ ਦਾ ਪ੍ਰਬੰਧ ਭੰਗ ਹੋ ਜਾਂਦਾ ਹੈ ।**

ਇਨਸਾਨ ਦੀ ਜ਼ਿੰਦਗੀ ਵਿਚ ਸੁਖਾਵੀਆਂ ਤੇ ਦੁਖਦਾਈ ਘਟਨਾਵਾਂ ਅਕਸਰ ਵਾਪਰਦੀਆਂ ਰਹਿੰਦੀਆਂ ਹਨ ਪਰ ਮੇਰੀ ਜ਼ਿੰਦਗੀ ਵਿਚ ਲੰਘੀ 14 ਮਈ ਨੂੰ ਜਿਹੜੀ ਅਸਾਧਾਰਨ ਘਟਨਾਵਾਂ ਵਾਪਰੀ ਉਹ ਮੈਨੂੰ ਕਦੇ ਨਹੀਂ ਭੁੱਲੇਗੀ ।

ਦੂਰ ਕਿਤੇ ਪਿੱਛੇ ਤੋਂ ਹਵਾ ਦੇ ਧੱਕੇ ਖਾਂਦਾ ਅੱਗ ਦਾ ਵਿਕਰਾਲ ਰਾਖਸ਼ ਇਲਾਕੇ ਦੀ ਖੂਬਸੂਰਤ ਲੀਲ੍ਹਾ ਨੂੰ ਭਸਮ ਕਰਦਾ ਹੋਇਆ ਮੇਰੇ ਖੇਤਾਂ ਵਿਚ ਵੀ ਆ ਵੜ੍ਹਿਆ ਪਰ ਜਦੋਂ ਮੈਂ ਆਪਣੇ ਖੇਤਾਂ ਵਿਚ ਆਇਆ ਤਾਂ ਅੱਗ ਅੱਗੇ ਲੰਘ ਗਈ ਸੀ ਤੇ ਮਨੁੱਖਤਾ ਦਾ ਪੇਟ ਭਰਨ ਵਾਲੀ ਧਰਤੀ ਮਾਤਾ ਮੈਨੂੰ ਗਰਮ ਕਾਲੀ ਰਾਖ ਹੇਠ ਸਿਸਕੀਆਂ ਭਰਦੀ ਮਹਿਸੂਸ ਹੋਈ ।

ਜਦੋਂ ਮੈਂ ਰੀਝ ਨਾਲ ਲਾਏ ਆਪਣੇ ਖੂਬਸੂਰਤ ਬਾਗ ਵਿਚ ਪ੍ਰਵੇਸ਼ ਕੀਤਾ ਤਾਂ ਮਨ ਨੂੰ ਸਖਤ ਧੱਕਾ ਲੱਗਾ । ਬੂਟਿਆਂ ਦੀ ਸੁਰੱਖਿਆ ਲਈ ਲਾਏ ਜਾਲ ਵਿਚੋਂ ਲੰਘ ਕੇ ਅੱਗ ਨੇ ਫਲਾਂ ਨਾਲ ਲੱਦੇ ਬੂਟੇ ਭਸਮ ਕਰ ਦਿੱਤੇ ਸਨ ਜਿਨ੍ਹਾਂ ਨੂੰ ਵੇਖ ਕੇ ਮੇਰੀਆਂ ਅੱਖਾਂ ਵਿਚ ਅੱਥਰੂ ਆ ਗਏ ।

ਨਿੰਬੂ ਜਾਤੀ, ਲਾਚੀ ਅਤੇ ਐਵਾਕਾਡੂ (ਬਟਰ ਫਰੂਟ) ਦੇ ਅਨਗਿਣਤ ਨਿੱਕੇ ਨਿੱਕੇ ਫਲ ਰਾਖ ਵਿਚ ਬਦਲ ਗਏ ਸਨ । ਫਲਾਂ ਨੂੰ ਬਚਾਉਣ ਵਾਲੇ ਹਰੇ ਖੂਬਸੂਰਤ ਪੱਤੇ ਖੁਦ ਸੜ ਗਏ ਸਨ ।



ਅੰਬਾਂ ਦੇ ਜਵਾਨੀ ਵਲ ਨੂੰ ਵਧ ਰਹੇ ਫਲ ਅਤੇ ਆੜੂ ਤੇ ਆਲੂ ਬੁਖਾਰੇ ਤੇ ਤੁੜਾਈ ਤੇ ਗਏ ਫਲ ਬੂਟਿਆਂ ਸਮੇਤ ਕੇਵਲ ਬੀਤੇ ਦੀ ਯਾਦ ਬਣ ਕੇ ਰਹਿ ਗਏ ਸਨ । ਮੇਰੇ ਇਲਾਕੇ ਵਿਚ ਅੰਬਾਂ ਦੇ ਬੂਟੇ ਕਿਤੇ ਭਾਗਾਂ ਨਾਲ ਚਲਦੇ ਹਨ । ਦੋ ਨਿੱਕੇ ਨਿੱਕੇ ਅਲਫੈਂਸੋ ਕਿਸਮ ਦੇ ਅੰਬ ਮੇਰੇ ਬਾਗ ਵਿਚ ਚਲ ਪਏ ਸਨ ਤੇ ਮੈਂ ਰੋਜ਼ ਸਵੇਰੇ ਗੂੜ੍ਹੇ ਚਾਅ ਨਾਲ ਇਨ੍ਹਾਂ ਨੂੰ ਵੇਖਣ ਜਾਣਾ ਸਾਂ ਤੇ ਹੁਣ ਇਹ ਬੂਟੇ ਅੱਗ ਤੇ ਖਤਮ ਕਰ ਦਿੱਤੇ ਸਨ, ਨਵੇਂ ਲਾਏ ਪਪੀਤਿਆਂ ਦੇ ਨਿੱਕੇ ਨਿੱਕੇ ਬੂਟਿਆਂ ਦੀ ਪੂਰੀ ਲਾਈਨ ਹਮੇਸ਼ਾ ਲਈ ਅੱਖਾਂ ਮੀਟ ਚੁੱਕੀ ਸੀ ।

ਬਾਗ ਵਿਚਲੇ ਇਕ ਹੋਰ ਦੁਖਾਂਤ ਨੇ ਮੇਰਾ ਸੀਨਾ ਵਿੰਨ੍ਹ ਦਿੱਤਾ ਤੇ ਇਹ ਘਟਨਾ ਪੰਛੀਆਂ ਨਾਲ ਸਬੰਧਤ ਹੈ । ਅਨੇਕਾਂ ਪੰਛੀ ਮੇਰੇ ਬਾਗ ਵਿਚ ਸੁਰੱਖਿਆ ਮਹਿਸੂਸ ਕਰਕੇ ਅਕਸਰ ਇਥੇ ਹੀ ਆਲ੍ਹਣੇ ਬਣਾ ਕੇ ਆਪਣੇ ਅੰਡੇ ਦਿੰਦੇ ਤੇ ਬੱਚੇ ਪਾਲਦੇ ਹਨ ਹੁਣ ਬਿਰਛਾਂ ਦੇ ਨਾਲ ਹੀ ਇਨ੍ਹਾਂ ਦੇ ਘਰ ਵੀ ਤਬਾਹ ਹੋ ਗਏ ਸਨ । ਟਟੀਰੀਆਂ ਤੇ ਤਿੱਤਰੀਆਂ ਕੇਵਲ ਧਰਤੀ ਉੱਪਰ ਹੀ ਪੱਤਪਰਾਲ ਵਿਚ ਅੰਡੇ ਦੇਣ ਤੇ ਬੱਚੇ ਪਾਲਣ ਦਾ ਕੰਮ ਕਰਦੀਆਂ ਹਨ ਤੇ ਮੇਰੇ ਬਾਗ ਵਿਚ ਇਕ ਤਿੱਤਰੀ ਨੇ ਅੰਡੇ ਦਿੱਤੇ ਹੋਏ ਸਨ ਤੇ ਇਕ ਟਟੀਰੀ ਦੇ ਬੱਚੇ ਇੱਕ ਦਿਨ ਪਹਿਲਾਂ ਆਪਣੀਆਂ ਚੁੰਝਾਂ ਖੋਲ੍ਹਕੇ ਭੋਜਨ ਲਈ ਆਪਣੀ ਮਾਂ ਉਡੀਕ ਕਰਦੇ ਮੈਂ ਵੇਖੇ ਪਰ ਅੱਜ ਗਰਮ ਕਾਲੀ ਰਾਖ ਵਿਚ ਕਿਤੇ ਗੁਆਚ ਗਏ ਸਨ ਅਤੇ ਮੇਰੇ ਆਲੇ ਦੁਆਲੇ ਘੁੰਮਦੇ ਤੇ ਉਡਦੇ ਉਨ੍ਹਾਂ ਦੇ ਮਾਪੇ ਵਿਰਲਾਪ ਕਰ ਰਹੇ ਸਨ । ਉਨ੍ਹਾਂ ਦਾ ਰੁਦਨ ਤੇ ਵੇਦਨਾ ਸਹਿਣ ਜੋਗਾ ਮੇਰੇ ਮਨ ਨਹੀਂ ਸੀ । ਪੰਛੀ ਤੇ ਬਿਰਛ ਬੂਟੇ ਸਾਡੀ ਸ੍ਰਿਸ਼ਟੀ ਦਾ ਖੂਬਸੂਰਤ ਤੇ ਕਲਿਆਣਕਾਰੀ ਹਿੱਸਾ ਹਨ ।

ਮਿੱਟੀ ਨੂੰ ਉਪਜਾਊ ਬਣਾਉਣ ਵਾਲੇ ਤੇ ਮਿੱਟੀ ਵਿਚ ਕੰਮ ਕਰਨ ਵਾਲੇ ਵੱਖ-ਵੱਖ ਕਿਸਮਾਂ ਦੇ ਨਿੱਕੇ ਨਿੱਕੇ ਕੀੜੇ ਜਿਨ੍ਹਾਂ ਨੂੰ ਮੈਂ ਆਪਣੇ ਫਾਰਮ 'ਤੇ ਮਾਰੂ ਰਸਾਇਣਾ ਤੇ ਕੁਦਰਤੀ ਆਫਤਾਂ ਤੋਂ ਸੁਰੱਖਿਆ ਦਿੱਤੀ ਹੋਈ ਸੀ, ਅੱਜ ਧਰਤੀ ਮਾਂ ਦੀ ਸੁਖਾਵੀਂ ਗੋਦ ਵਿਚ ਸੁਆਹ ਦਾ ਢੇਰ ਬਣ ਗਏ ਸਨ ।

ਅਜਿਹਾ ਵਰਤਾਰਾ ਸਮਝ ਤੋਂ ਬਾਹਰ ਹੈ ਜਦ ਫਸਲ ਕੱਟ ਕੇ ਤੇ ਨਾੜ ਦੀ ਤੂੜੀ ਬਣਾ ਕੇ ਖੇਤ ਪੱਧਰੇ ਕਰ ਲਏ ਜਾਂਦੇ ਹਨ ਤਾਂ ਫੇਰ ਕਣਕ ਦੇ ਵੱਢਾਂ ਨੂੰ ਅੱਗ ਲਾ ਕੇ ਸ੍ਰਿਸ਼ਟੀ ਦੀ ਖੂਬਸੂਰਤ ਲੀਲ੍ਹਾ ਨੂੰ ਤਬਾਹ ਕਰਨ ਦੀ ਕੀ ਲੋੜ ਹੈ ? ਮੈਂ ਆਪਣੇ ਖੇਤਾਂ ਵਿਚ ਕਦੇ ਅੱਗ ਨਹੀਂ ਲਾਈ ਤੇ ਅਗਲੀ ਫਸਲ ਦੀ ਬਿਜਾਈ ਲਵਾਈ ਲਈ ਮੈਨੂੰ ਕਦੇ ਕੋਈ ਦਿੱਕਤ ਨਹੀਂ ਆਈ ।

ਕੁੱਝ ਚਾਲਕ ਕਿਸਾਨ ਤੇਜ਼ ਚੱਲਦੀ ਹਵਾ ਵਿਚ ਨੇੜੇ ਲੱਗੇ ਬਿਜਲੀ ਦੇ ਕਿਸੇ ਖੰਭੇ ਜਾਂ ਟਰਾਂਸਫਾਰਮਰ ਕੋਲ ਤੀਲ ਲਾ ਕੇ ਅਜਿਹਾ ਅਪਰਾਧ ਬਿਜਲੀ ਵਾਲਿਆਂ ਦੇ ਸਿਰ ਮੜ੍ਹ ਦਿੰਦੇ ਹਨ, ਹਾਲਾਂਕਿ ਮਈ ਦੇ ਅੱਧ ਵਿਚ ਇੱਕੋ ਸਮੇਂ ਪੰਜਾਬ ਵਿਚ ਥਾਂ ਥਾਂ ਲੱਗੀਆਂ ਅੱਗਾਂ ਸਵਾਲ ਖੜ੍ਹੇ ਕਰਦੀਆਂ ਹਨ ?

ਅਸਲ ਵਿਚ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦਾ ਸੱਚ ਅਕਸਰ ਸਾਹਮਣੇ ਆ ਜਾਂਦਾ ਹੈ ਕਿਉਂਕਿ ਮੌਸਮ ਅਨੁਕੂਲ ਨਾ ਹੋਣ ਕਰਕੇ ਅੱਗ ਵਿਕਰਾਲ ਰੂਪ ਨਹੀਂ ਧਾਰਦੀ ਤੇ ਕਿਸਾਨਾਂ ਨੂੰ ਖੁਦ ਤੰਗਲੀਆਂ ਨਾਲ ਪਰਾਲੀ ਚੁੱਕ ਚੁੱਕ ਕੇ ਲਾਉਣੀ ਪੈਂਦੀ ਹੈ ਤੇ ਅੱਗ ਲਾਉਣ ਵਾਲਾ ਕਿਸਾਨ ਵੀ ਸੌਖੇ ਹੀ ਲੱਭ ਪੈਂਦਾ ਹੈ । ਕਣਕ ਦੇ ਨਾੜ ਨੂੰ ਇੱਕੋ ਕਿਸਾਨ ਪਰਦੇ ਨਾਲ ਇਕੋ ਥਾਂ ਅੱਗ ਲਾ ਕੇ ਕਈ ਕਈ ਮੀਲਾਂ ਤੱਕ ਤਬਾਹੀ ਮਚਾ ਦਿੰਦਾ ਹੈ ਤੇ ਦੂਰ ਦੂਰ ਤੱਕ ਪਿੰਡਾਂ ਵਿਚ ਬੈਠੇ ਬਹੁਤੇ ਤੇ ਆਮ ਕਿਸਾਨ ਏਸ ਢੰਗ ਨਾਲ ਲਾਈ ਅੱਗ ਦੀ ਉਡੀਕ ਕਰਦੇ ਰਹਿੰਦੇ ਹਨ ।

ਹਾਲਾਂਕਿ ਅੱਗ ਲਾਉਣ ਵਾਲੇ ਤੇ ਅੱਗ ਦਾ ਸਵਾਗਤ ਕਰਨ ਵਾਲੇ ਕਿਸਾਨ ਇਹ ਨਹੀਂ ਜਾਣਦੇ ਕਿ ਅੱਗ ਦੀਆਂ ਲਾਟਾਂ ਤੇ ਧੂੰਏ ਰਾਹੀਂ ਉੱਪਰ ਚੜ੍ਹੇ ਏਅਰੋਸਲੋ, ਤੇਜ਼ਾਬ, ਕਾਰਬਨ ਤੇ ਹੋਰ ਮਾਰੂ ਗੈਸਾਂ ਆਸਮਾਨ ਵਿਚ ਜਾ ਕੇ ਸਦੀਆਂ ਵਾਸਤੇ ਸਥਿਰ ਹੋ ਜਾਂਦੀਆਂ ਹਨ ਤੇ ਗਰੀਨ ਹਾਊਸ ਪ੍ਰਭਾਵ ਦੀ ਤਹਿ ਨੂੰ ਖਤਰਨਾਕ ਹੱਦ ਤੱਕ ਮਜ਼ਬੂਤ ਕਰਦੀਆਂ ਹਨ । ਇਸ ਤਹਿ ਵਿੱਚੋਂ ਲੰਘ ਕੇ ਸੂਰਜ ਦੀਆਂ ਤੇਜ਼ ਪ੍ਰਾਬੈਂਗਣੀ ਕਿਰਨਾਂ ਧਰਤੀ 'ਤੇ ਭੰਡਾਰ ਹੋ ਕੇ ਗਰਮੀ ਵਿਚ ਬੇਤਹਾਸ਼ਾ ਵਾਧਾ ਕਰਦੀਆਂ ਹਨ । ਇਸ ਕਰਕੇ ਕੁਦਰਤ ਵਲੋਂ ਸਥਾਪਿਤ ਕੀਤਾ ਗਿਆ ਬਰਸਾਤਾਂ ਤੇ ਮੌਸਮਾਂ ਦਾ ਪ੍ਰਬੰਧ ਭੰਗ ਹੋ ਜਾਂਦਾ ਹੈ । ਨਦੀਆਂ, ਨਾਲਿਆਂ ਤੇ ਦਰਿਆਵਾਂ ਰਾਹੀਂ ਖੇਤਾਂ ਨੂੰ ਪਾਣੀ ਬਖਸ਼ਣ ਵਾਲੇ ਗਲੇਸ਼ੀਅਰ ਖੁਰ ਰਹੇ ਹਨ ਅਤੇ ਸਿਆਲ 'ਚ ਪਈ ਬਰਫ ਦੇ ਕੱਚੇ ਪਹਾੜ ਮਈ ਵਿਚ ਇਕ ਦਮ ਗਰਮੀ ਵਧਣ ਨਾਲ ਟੁੱਟ ਕੇ ਡਿੱਗਣ ਲੱਗ ਪੈਂਦੇ ਹਨ । ਘਰ ਕਾਰੋਬਾਰ, ਲੋਕ, ਸ਼ਹਿਰ, ਸੜਕਾਂ ਤੇ ਹੋਰ ਬਹੁਤ ਕੁਝ ਬਰਫ ਦੇ ਪਹਾੜਾਂ ਹੇਠ ਦੱਬਿਆ ਜਾਂਦਾ ਹੈ । ਇਉਂ ਸਦੀਆਂ ਤੋਂ ਕੁਦਰਤ ਵਲੋਂ ਸਥਾਪਿਤ ਕਲਿਆਣਕਾਰੀ ਪ੍ਰਬੰਧ ਦੇ ਭੰਗ ਹੋਣ ਨਾਲ ਸਭ ਤੋਂ ਮਾੜਾ ਅਸਰ ਖੇਤੀ ਦੇ ਖੇਤਰ ਉੱਤੇ ਪਵੇਗਾ । ਅਜਿਹੀ ਅਵੱਸਥਾ ਵਿਚ ਸਾਡੀਆਂ ਔਰਤਾਂ ਤੇ ਲਵੇਰੀਆਂ ਨੂੰ ਗਰਭਧਾਰਨ ਵਿਚ ਮੁਸ਼ਕਿਲ ਆਵੇਗੀ, ਕੈਂਸਰ ਤੇ ਚਮੜੀ ਦੇ ਰੋਗਾਂ ਦਾ ਵਾਧਾ ਹੋਵੇਗਾ, ਬਿਰਛ ਬੂਟਿਆਂ ਨੂੰ ਫੁੱਲ ਤਾਂ ਪੈਣਗੇ ਪਰ ਫੁੱਲਾਂ ਵਿਚੋਂ ਫਲਾਂ ਦਾ ਜਨਮ ਨਹੀਂ ਹੋਵੇਗਾ ਅਤੇ ਫਸਲਾਂ ਦੇ ਸਿੱਟਿਆਂ ਦੀਆਂ ਕੁੱਖਾਂ ਵਿਚ ਦਾਣੇ ਨਹੀਂ ਨਿਮਣਗੇ ।

ਦੇਸ਼ ਦੇ ਕੁਦਰਤੀ ਤੇ ਕਲਿਆਣਕਾਰੀ ਸਰੋਤਾਂ ਨੂੰ ਹੱਥੀਂ ਸਹੇੜੀਆਂ ਮਹਾਮਾਰੀਆਂ ਤੋਂ ਬਚਾਉਣਾ ਅੱਜ ਹਰ ਨਾਗਰਿਕ ਦਾ ਨੈਤਿਕ ਫਰਜ਼ ਹੈ । ਵੋਟਾਂ ਲੈ ਕੇ ਸਰਕਾਰਾਂ ਬਣਾਉਣ ਤੇ ਚਲਾਉਣ ਵਾਲੇ ਰਾਜਨੀਤਕ ਲੋਕ ਤਾਂ ਬਿਆਨਬਾਜ਼ੀ ਤੋਂ ਬਗੈਰ ਠੋਸ ਅਮਲ ਦੀ ਕੋਈ ਫਲੀ ਨਹੀਂ ਭੁੰਨ ਸਕਣਗੇ ਪਰ ਚੰਗੇ ਲੋਕਾਂ ਦੀਆਂ ਕੁਝ ਕਰਮਸ਼ੀਲ ਸੰਸਥਾਵਾਂ ਇਨ੍ਹਾਂ ਆਫਤਾਂ ਨੂੰ ਨੱਥ ਪਾਉਣ ਲਈ ਜ਼ਰੂਰ ਤੜਫਦੀਆਂ ਹਨ ਪਰ ਉਨ੍ਹਾਂ ਕੋਲ ਅਧਿਕਾਰਾਂ ਦੀ ਤੇ ਸਮਰੱਥਾ ਦੀ ਘਾਟ ਹੈ ।

ਅਜਿਹੇ ਵਰਤਾਰੇ ਵਿਚ ਹੀ ਦੇਸ਼ ਵਿਦੇਸ਼ ਵਿਚ ਥਾਂ ਥਾਂ ਪਾਠ ਤੇ ਕਰਵਾਉਣ ਤੇ ਸ਼ਰਧਾ ਨਾਲ ਸੁਣਨ ਦੀ ਰਵਾਇਤ ਲੰਮੇ ਸਮੇਂ ਤੋਂ ਪ੍ਰਚੱਲਤ ਹੈ । ਅਖੰਡ ਪਾਠਾਂ ਦੇ ਸ਼ੁਰੂ ਵਿਚ ਮਹਾਨ ਇਨਸਾਨ ਤੇ ਚਿੰਤਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਸਲੋਕ ਹੈ ਜੋ ਕਲਿਆਣਕਾਰੀ ਕੁਦਰਤੀ ਸਰੋਤਾਂ ਦੇ ਮਹੱਤਵ ਨੂੰ ਸਮਰਪਿਤ ਹੈ, ਪੜ੍ਹਿਆ ਜਾਂਦਾ ਹੈ ਧਾਰਮਿਕ ਲਹਿਰਾਂ ਦੇ ਬਹੁਤੇ ਸੰਚਾਲਕ ਇਸ ਸਲੋਕ ਨੂੰ ਜਿਸ ਵਿਚ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਤੇ ਧਰਤੀ ਨੂੰ ਮਾਤਾ ਕਿਹਾ ਹੈ, ਰਸਮ ਪੂਰਤੀ ਲਈ ਪੜ੍ਹਦੇ ਤਾਂ ਜ਼ਰੂਰ ਹਨ ਪਰ ਇਸ 'ਤੇ ਅਮਲ ਕਰਨ ਦੀ ਕਦੇ ਲੋੜ ਮਹਿਸੂਸ ਨਹੀਂ ਕਰਦੇ ।

ਅਜਿਹੇ ਹਾਲਾਤ ਵਿਚ ਉਪਰੋਕਤ ਸਲੋਕ ਦੇ ਸੱਚ ਨੂੰ ਮਹੱਤਵ ਦੇਣ ਲਈ ਹੁਣ ਕੇਵਲ ਤੇ ਕੇਵਲ ਧਾਰਮਿਕ ਦੇ ਕਲਿਆਣਕਾਰੀ ਸੰਸਥਾ ਸ੍ਰੀ ਅਕਾਲ ਤਖਤ 'ਤੇ ਹੀ ਟੇਕ ਰਹਿ ਗਈ ਹੈ ਤੇ ਮੇਰੇ ਸਮੇਤ ਚੰਗੇ ਲੋਕ ਉਡੀਕ ਕਰ ਰਹੇ ਹਨ ਕਿ ਇਸ ਜਗਤ ਜਲੰਦੇ ਦੀ ਸੁਰੱਖਿਆ ਲਈ ਸ੍ਰੀ ਅਕਾਲ ਤਖਤ ਸਾਹਿਬ ਤੋਂ ਕੋਈ ਹੁਕਮ ਜਾਰੀ ਹੋਵੇ ਜਿਸ ਨਾਲ ਕੁਦਰਤ ਦੀ ਖੂਬਸੂਰਤ ਲੀਲ੍ਹਾ ਦੀ ਸੁਰੱਖਿਆ ਦੇ ਨਾਲ ਸਰਬੱਤ ਦਾ ਭਲਾ ਵੀ ਹੋ ਸਕੇਗਾ ।

ਬਾਕੀ ਸਫਾ 2 ਦੀ

## ਬਾਸਮਤੀ ਦੀ ਸਥਿਰ ਪੈਦਾਵਾਰ ਲਈ ਨੁਕਤੇ

**4. ਬਾਸਮਤੀ ਦੀਆਂ ਸੁਧਰੀਆਂ ਕਿਸਮਾਂ** : ਇਸ ਸਮੇਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਰਾਜ ਵਿਚ ਕਾਸ਼ਤ ਲਈ ਬਾਸਮਤੀ ਦੀਆਂ 7 ਕਿਸਮਾਂ ਦੀ ਸਿਫਾਰਸ਼ ਕਰ ਰਹੀ ਹੈ । ਇਹਨਾਂ ਕਿਸਮਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ ਨਾਲ ਦਿੱਤੀ ਸਾਰਣੀ 1 ਵਿਚ ਦਿੱਤੀਆਂ ਗਈਆਂ ਹਨ ।

**ਬਾਸਮਤੀ ਦੀਆਂ ਕਿਸਮਾਂ ਦਾ ਆਪਣਾ ਬੀਜ ਰੱਖੋ :**

ਪਿਛਲੇ ਸਮੇਂ ਦੌਰਾਨ ਆਮ ਤੌਰ ਤੇ ਸੂਝਵਾਨ ਕਿਸਾਨ ਵੀਰ ਆਪਣੇ ਘਰ ਦਾ ਬੀਜ ਰੱਖਦੇ ਸਨ ਪਰੰਤੂ ਹੁਣ ਇਹ ਰਵਾਇਤ ਬਹੁਤੀ ਪ੍ਰਚਲਿਤ ਨਹੀਂ ਹੈ ਸੂਬੇ ਵਿਚ ਚੰਗੀ ਗੁਣਵੱਤਾ ਵਾਲੇ ਬੀਜ ਉਤਪਾਦਕ ਸੀਮਤ ਹਨ । ਇਸ ਲਈ ਕਈ ਵਾਰ ਬੀਜਾਂ ਦੀ ਵੱਧਦੀ ਮੰਗ ਕਾਰਨ ਕਿਸਾਨਾਂ ਨੂੰ ਮਹਿੰਗੇ ਭਾਅ ਦਾ ਬੀਜ ਖਰੀਦਣ ਲਈ ਮਜਬੂਰ ਹੋਣਾ ਪੈਂਦਾ ਹੈ ਅਤੇ ਬੀਜ ਦੀ ਗੁਣਵੱਤਾ ਨਾਲ ਵੀ ਸਮਝੌਤਾ ਕਰਨਾ ਪੈਂਦਾ ਹੈ । ਇਸ ਲਈ ਸਲਾਹ ਦਿੱਤੀ ਜਾਂਦੀ ਹੈ ਕਿ ਕਿਸਾਨ ਵੀਰ ਆਪਣਾ ਗੁਣਵੱਤਾ ਵਾਲਾ ਬੀਜ ਪੈਦਾ ਕਰਨ ਅਤੇ ਇਸ ਲਈ ਹੇਠਾਂ ਦਿੱਤੇ ਨੁਕਤੇ ਅਪਣਾਉਣ :

★ ਆਪਣੇ ਖੇਤ ਵਿਚ ਉਸ ਖੇਤਰ ਦੀ ਨਿਸ਼ਾਨਦੇਹੀ ਕਰੋ ਜਿੱਥੇ ਬੀਜ ਰੱਖਿਆ ਜਾਣਾ ਹੈ । ਇਕ ਕਨਾਲ ਰਕਬੇ ਵਿੱਚੋਂ ਪ੍ਰਾਪਤ ਬੀਜ ਨਾਲ ਲਗਭਗ 25 ਏਕੜ ਬਾਸਮਤੀ ਲਈ ਲੋੜੀਂਦੀ ਪਨੀਰੀ ਤਿਆਰ ਹੋ ਸਕਦੀ ਹੈ ।

★ ਚੁਣਿਆ ਹੋਇਆ ਰਕਬਾ ਨਾਲ ਲੱਗਦੇ ਖੇਤ ਵਿਚ ਬੀਜੀਆਂ ਹੋਰ ਕਿਸਮਾਂ ਤੋਂ ਘੱਟੋ-ਘੱਟ 3 ਮੀਟਰ ਦੂਰ ਹੋਣਾ ਚਾਹੀਦਾ ਹੈ ।

★ ਬੀਜ ਰੱਖਣ ਵਾਲੇ ਖੇਤਰ ਵਿਚ ਪੜਾਅਵਾਰ ਨਿਰੀਖਣ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ, ਜਿਵੇਂ ਕਿ ਮੁੰਜਰਾਂ ਨਿਕਲਣ ਤੋਂ ਪਹਿਲਾਂ, ਫੁੱਲ ਆਉਣ ਦੇ ਸਮੇਂ ਅਤੇ ਬੀਜ ਦੇ ਪੱਕਣ ਦੇ ਸਮੇਂ । ਇਹਨਾਂ ਅਵਸਥਾਵਾਂ ਤੇ ਗੈਰ ਬੂਟੇ, ਨਦੀਨ ਅਤੇ ਬੀਮਾਰੀਆਂ ਵਾਲੇ ਬੂਟੇ ਪੁੱਟ ਕੇ ਬਾਹਰ ਕੱਢੋ ।

★ ਇਹ ਯਕੀਨੀ ਬਣਾਇਆ ਜਾਵੇ ਕਿ ਗੈਰ ਬੂਟੇ ਫਸਲ ਦੇ ਫੁੱਲ ਪੈਣ ਤੋਂ ਪਹਿਲਾਂ ਕੱਢੇ ਜਾਣ ਤਾਂ ਜੋ ਬੀਜ ਦੀ ਗੁਣਵੱਤਤਾ ਤੇ ਉਹਨਾਂ ਦਾ ਬੁਰਾ ਅਸਰ ਨਾ ਪਵੇ ।

★ ਬੀਜ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਨੂੰ ਯਕੀਨੀ ਬਣਾਉਣ ਲਈ ਗੋਭ ਅਵਸਥਾ ਤੇ ਫਸਲ ਉੱਪਰ ਸਿਫਾਰਸ਼ ਉੱਲੀਨਾਸ਼ਕਾਂ ਦਾ ਛਿੜਕਾਅ ਕਰੋ । ਬਾਸਮਤੀ ਦੇ ਮਾਮਲੇ ਵਿਚ ਪੈਰਾਂ ਦਾ ਗੱਲਣਾ (ਫੁੱਟ ਰੌਟ) ਇਕ ਮੁੱਖ ਬੀਜ ਰਾਹੀਂ ਹੋਣ ਵਾਲੀ ਬਿਮਾਰੀ ਹੈ । ਇਸਦੀ ਰੋਕਥਾਮ ਨਹੀ ਬੀਜ ਦੀ ਸੋਧ ਉਪਰੰਤ ਸਮੇਂ-ਸਮੇਂ 'ਤੇ ਸੰਕਰਮਿਤ ਪੌਦਿਆਂ ਨੂੰ ਪੁੱਟ ਕੇ ਬਾਹਰ ਕੱਢੋ ਅਤੇ ਗੋਭ ਅਵਸਥਾ ਸਮੇਂ ਸਿਫਾਰਸ਼ ਉੱਲੀਨਾਸ਼ਕ ਦਾ ਛਿੜਕਾਅ ਕਰੋ ।

★ ਬੀਜ ਰੱਖਣ ਲਈ ਚੁਣੇ ਹੋਏ ਰਕਬੇ ਦੀ ਵਾਢੀ, ਫਸਲ ਚੰਗੀ ਤਰ੍ਹਾਂ ਪੱਕਣ ਤੇ ਹੱਥੀਂ ਕਰੋ ਅਤੇ ਉਸ ਉਪਰੰਤ ਫਸਲ ਦੀ ਗਹਾਈ ਵੀ ਸਾਫ ਫਰਸ਼ ਜਾਂ ਪਿੜ ਵਿਚ ਕਰੋ ਤਾਂ ਜੋ ਬੀਜ ਵਿਚ ਕੋਈ ਰਲਾ ਨਾ ਆਵੇ ।

★ ਬੀਜ ਨੂੰ ਚੰਗੀ ਤਰ੍ਹਾਂ ਸੁਕਾਉਣ ਉਪਰੰਤ (12 ਪ੍ਰਤੀਸ਼ਤ ਨਮੀ) ਲੇਬਲ ਕਰਕੇ ਸਟੋਰ ਕਰੋ ।




''ਪਹਿਲਾ ਪਾਣੀ ਜਿਓ ਹੈ ਜਿਤ ਹਰਿਆ ਸਭ ਕੋਇ'' ਪਾਣੀ ਇਕ ਅਜਿਹੀ ਵੱਡਮੁੱਲੀ ਚੀਜ਼ ਹੈ ਜਿਸ ਨਾਲ ਮਨੁੱਖ, ਪਸ਼ੂ, ਪੰਛੀ, ਮਸ਼ੀਨਰੀ, ਫਸਲਾਂ, ਦਰਖਤ ਆਦਿ ਜੀਵਤ ਅਤੇ ਹਰੇ ਭਰੇ ਰਹਿ ਸਕਦੇ ਹਨ ਜੇਕਰ ਪਾਣੀ ਨਾ ਹੋਵੇ ਤਾਂ ਇਹ ਸਾਰੀਆਂ ਚੀਜ਼ਾਂ ਖਤਮ ਹੋ ਜਾਣਗੀਆਂ। ਮਨੁੱਖ ਅਤੇ ਪਸ਼ੂ ਪੰਛੀਆਂ ਨੂੰ ਭੋਜਨ ਅਤੇ ਫਸਲਾਂ ਨੂੰ ਖੁਰਾਕੀ ਤੱਤ ਕੁਝ ਦਿਨਾਂ ਲਈ ਨਾ ਮਿਲਣ ਤਾਂ ਜ਼ਿੰਦਗੀ ਬਚ ਸਕਦੀ ਹੈ ਪਰ ਪਾਣੀ ਤੋਂ ਬਿਨ੍ਹਾਂ ਜ਼ਿੰਦਗੀ ਅਤੇ ਫਸਲਾਂ ਖਤਮ ਹੋ ਜਾਣਗੀਆਂ। ''ਇਹ ਜਲੁ ਮੇਰਾ ਜੀਉ ਹੈ ਜਲੁ ਬਿਨ ਰਹਣੁ ਨਾ ਜਾਇ'' ਭਾਵ ਕਿ ਜੇ ਪਾਣੀ ਨਹੀਂ ਤਾਂ ਜ਼ਿੰਦਗਾਨੀ ਨਹੀਂ। ਜੇ ਜੱਲ ਹੈ ਤਾਂ ਕੱਲ ਹੈ। ਦਿਨੋ ਦਿਨ ਪਾਣੀ ਦਾ ਪੱਧਰ ਹੇਠਾਂ ਡਿੱਗਦਾ ਹੋਇਆ ਸਭ ਲਈ ਚਿੰਤਾ ਬਣੀ ਹੋਈ ਹੈ। ਝੋਨੇ ਦੀ ਫਸਲ ਦੇ ਦਿਨਾਂ ਵਿਚ ਖੇਤੀ ਅਤੇ ਘਰਾਂ ਵਾਲੀਆਂ ਮੋਟਰਾਂ (ਟਿਊਬਵੈੱਲਾਂ) ਨੂੰ 8-10 ਫੁੱਟ ਪਾਈਪ ਪਾ ਕੇ ਮੋਟਰਾਂ ਨੂੰ ਹੋਰ ਹੇਠਾਂ ਪਾਣੀ ਦੇ ਪੱਧਰ ਤੱਕ ਕੀਤਾ ਜਾਂਦਾ ਹੈ ਜੇਕਰ ਹਰ ਸਾਲ ਅਜਿਹਾ ਹੀ ਹੁੰਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਖੇਤੀ, ਫੈਕਟਰੀਆਂ, ਬਨਸਪਤੀ, ਮਨੁੱਖੀ ਜ਼ਿੰਦਗੀਆਂ, ਪਸ਼ੂ ਪੰਛੀ ਵੀ ਪਾਣੀ ਦੀ ਬੂੰਦ-ਬੂੰਦ ਨੂੰ ਤਰਸਣਗੇ। ਕਾਸ਼ ਕਿਤੇ ਪੰਜਾਂ ਦਰਿਆਵਾਂ, ਨਹਿਰਾਂ, ਟਿਊਬਵੈੱਲਾਂ ਦੀ ਮਾਲਕ ਪੰਜਾਬ ਦੀ ਧਰਤੀ ਉੱਤੇ ਵੱਸਦੇ ਹੋਏ ਲੋਕਾਂ ਨੂੰ ਵੀ ਦੋ-ਦੋ, ਪੰਜ-ਪੰਜ, ਦਸ-ਦਸ ਲਿਟਰ ਪਾਣੀ ਲੰਬੀਆਂ ਲਾਈਨਾਂ ਵਿਚ ਲਗ ਕੇ ਨਾ ਲੈਣਾ ਪਵੇ। ਸੋ ਇਸ ਮੁੱਦੇ ਨੂੰ ਹੱਲ ਕਰਨ ਲਈ ਖੇਤੀ ਸੈਕਟਰ, ਫੈਕਟਰੀਆਂ, ਘਰਾਂ ਦੁਕਾਨਦਾਰਾਂ, ਸਰਕਾਰਾਂ ਆਦਿ ਸਭ ਦਾ ਫਰਜ ਬਣਦਾ ਹੈ ਕਿ ਪਾਣੀ ਨੂੰ ਬਚਾਉਣ ਲਈ ਹੇਠ ਲਿਖੇ ਕੁੱਝ ਤਰੀਕੇ ਅਪਨਾਈਏ ਅਤੇ ਪਾਣੀ ਸੰਕਟ ਹੱਲ ਕਰਾਈਏ।



**ਸੁਰਜੀਤ ਸਿੰਘ ਰਾਏ,**
**ਪਿੰਡ ਲੰਗੇਰੀ, ਤਹਿਸੀਲ ਬੰਗਾ,**
**ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ**
(ਮੋ. 94171-27559)

**1. ਖੇਤੀ ਸੈਕਟਰ ਵਿਚ ਪਾਣੀ ਬਚਾਉਣ ਦੇ ਢੰਗ** : ਕੋਸ਼ਿਸ਼ ਕੀਤੀ ਜਾਵੇ ਕਿ ਖੇਤੀ ਵਿਚ ਝੋਨੇ ਦੀ ਜਗ੍ਹਾ ਗੰਨਾ, ਦਾਲਾਂ-ਸਬਜ਼ੀਆਂ, ਮੱਕੀ, ਹਲਦੀ, ਮਿਲਟ (ਮੂਲ ਅਨਾਜ), ਬਾਗਬਾਨੀ, ਹਰਾ ਚਾਰਾ ਆਦਿ ਘੱਟ ਪਾਣੀ ਨਾਲ ਪੈਦਾ ਹੋਣ ਵਾਲੀਆਂ ਫਸਲਾਂ ਬੀਜੀਆਂ ਜਾਣ ਅਤੇ ਇਨ੍ਹਾਂ ਫਸਲਾਂ ਨੂੰ ਵੀ ਲੋੜ ਮੁਤਾਬਿਕ ਪਾਣੀ ਮੰਗਣ ਤੇ ਹੀ ਦਿੱਤਾ ਜਾਵੇ। ਪ੍ਰਤੀ ਏਕੜ ਦੇ ਹਿਸਾਬ ਨਾਲ ਘੱਟੋ-ਘੱਟ 6 ਤੋਂ 8 ਕਿਆਰੇ ਬਣਾਏ (ਪਾਏ) ਜਾਣ ਅਤੇ ਫਸਲਾਂ ਨੂੰ ਪਾਣੀ ਲਾਉਂਦੇ ਸਮੇਂ ਭਰੇ ਹੋਏ ਕਿਆਰੇ ਵਿਚੋਂ ਪਾਣੀ ਲੱਗਣ ਵਾਲੇ ਨਾਲ ਦੇ ਖਾਲੀ ਕਿਆਰੇ ਵੱਲ ਨੂੰ ਜਿੰਨਾ ਕੁ ਪਾਣੀ ਨਿੱਕਲੇ ਕੱਢ ਦੇਣਾ ਚਾਹੀਦਾ ਹੈ। ਪਸ਼ੂਆਂ ਲਈ ਹਰੇ ਚਾਰੇ ਨੂੰ ਛੱਡਕੇ ਬਾਕੀ ਫਸਲਾਂ ਵਿਚ ਮਲਚਿੰਗ ਕਰਕੇ ਕਾਫੀ ਪਾਣੀ ਬਚਾਇਆ ਜਾ ਸਕਦਾ ਹੈ ਕਿਉਂਕਿ ਮਲਚਿੰਗ ਦੇ ਨਾਲ ਇਕ ਤਾਂ ਨਦੀਨਾਂ ਦੀ ਰੋਕਥਾਮ ਹੋ ਜਾਂਦੀ ਹੈ ਦੂਜਾ ਫਸਲ ਵਿਚ ਨਮੀਂ ਦੀ ਮਾਤਰਾ ਕਾਫੀ ਲੰਬੇ ਸਮੇਂ ਤੱਕ ਬਣੀ ਰਹਿੰਦੀ ਹੈ ਤੀਜਾ ਫਸਲੀ ਰਹਿੰਦ-ਖੂੰਹਦ ਮਲਚਿੰਗ ਦੇ ਕੰਮ ਆ ਜਾਂਦੀ ਹੈ ਇਸ ਨਾਲ ਪਾਣੀ ਅਤੇ ਪਰਾਲੀ ਦੋਨੋਂ ਮਸਲੇ ਹੱਲ ਹੋਣ ਵਿਚ ਬਹੁਤ ਮਦਦ ਮਿਲ ਸਕਦੀ ਹੈ ਅਤੇ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਕੇ ਇਕ ਤੀਰ ਨਾਲ ਤਿੰਨ ਨਿਸ਼ਾਨੇ ਹੋ ਜਾਂਦੇ ਹਨ।

**2. ਪਾਣੀ ਵਾਲੀ ਘਰੇਲੂ ਟੈਂਕੀ ਭਰਦੇ ਸਮੇਂ ਪਾਣੀ ਦਾ ਬਚਾਓ** : ਜਦੋਂ ਘਰਾਂ ਦੀ ਟੈਂਕੀ ਭਰਦੇ ਸਮੇਂ ਮੋਟਰ ਚਲਾ ਕੇ ਇੱਧਰ-ਉੱਧਰ ਕੋਈ ਹੋਰ ਕੰਮ ਕਰਨ ਲੱਗ ਜਾਂਦੇ ਹਾਂ ਤਾਂ ਪਾਣੀ ਦੀ ਘਰੇਲੂ ਟੈਂਕੀ ਭਰ ਕੇ ਕਾਫੀ ਸਮਾਂ ਪਾਣੀ ਬਾਹਰ ਹੀ ਡੁੱਲਦਾ ਰਹਿੰਦਾ ਹੈ ਅਤੇ ਕਾਫੀ ਮਾਤਰਾ ਵਿਚ ਅਨਮੋਲ ਰਤਨ ਪੀਣ ਵਾਲਾ ਪਾਣੀ ਗੰਦੀਆਂ ਨਾਲੀਆਂ ਵਿਚ ਬੇਕਾਰ ਚਲੇ ਜਾਂਦਾ ਹੈ ਸੋ ਟੈਂਕੀ ਭਰਦੇ ਸਮੇਂ ਕੋਲ ਖੜੇ ਰਹੋ ਜਾਂ ਆਟੋ ਕੱਟ ਲਵਾ ਲੈਣਾ ਚਾਹੀਦਾ ਹੈ।

**3. ਮਸ਼ੀਨਰੀ ਧੋਂਦੇ ਸਮੇਂ ਪਾਣੀ ਦਾ ਬਚਾਓ** : ਮੋਟਰ ਸਾਈਕਲ, ਕਾਰ, ਟਰੈਕਟਰ ਆਦਿ ਧੋਂਦੇ ਸਮੇਂ ਵੀ ਲਗਾਤਾਰ ਟੂਟੀ ਚਲਦੀ ਛੱਡ ਕੇ ਅਸੀਂ ਹੱਥ ਨਾਲ ਚਿੱਕੜ (ਮਿੱਟੀ ਘੱਟਾ) ਵਗੈਰਾ ਨੂੰ ਮਲਣ ਲੱਗ ਜਾਂਦੇ ਹਾਂ ਕੋਸ਼ਿਸ ਕਰੋ ਕਿ ਕਿਸੇ ਟੱਬ, ਬਾਲਟੀ ਵਿਚ ਪਾਣੀ ਭਰ ਕੇ ਮੱਗ ਨਾਲ ਲੋੜ ਮੁਤਾਬਿਕ ਥੋੜ੍ਹਾ-ਥੋੜ੍ਹਾ ਪਾਣੀ ਵਰਤ ਕੇ ਮਸ਼ੀਨਰੀ ਧੋਤੀ ਜਾ ਸਕੇ।



**4. ਪਸ਼ੂਆਂ ਨੂੰ ਨਹਾਉਂਦੇ ਸਮੇਂ ਪਾਣੀ ਦਾ ਬਚਾਓ** : ਪਸ਼ੂਆਂ ਨੂੰ ਨਹਾਉਂਦੇ ਸਮੇਂ ਘਰੇਲੂ ਪਾਣੀ ਦੀ ਮੋਟਰ ਚਲਾ ਕੇ ਸਿੱਧਾ ਰਬੜ ਦੇ ਪਾਈਪ ਨਾਲ ਪਾਣੀ ਦਾ ਪ੍ਰੈਸ਼ਰ ਪਸ਼ੂ ਉੱਪਰ ਮਾਰ ਕੇ ਨਹਾਉਂਦੇ ਹਾਂ ਅਤੇ ਮੋਟਰ ਚਲਦੀ ਛੱਡ ਕੇ ਪਾਣੀ ਦਾ ਪਾਈਪ ਹੇਠਾਂ ਸੁੱਟ ਕੇ ਪਸ਼ੂ ਨੂੰ ਲੱਗਾ ਗੋਬਰ ਹੱਥ ਨਾਲ ਮਲਣ ਲੱਗ ਜਾਂਦੇ ਹਾਂ ਜਿਸ ਨਾਲ ਕਾਫੀ ਪਾਣੀ ਬੇਕਾਰ ਚਲੇ ਜਾਂਦਾ ਹੈ ਸੋ ਚਬੱਚਾ (ਪਾਣੀ ਦਾ ਚਲ੍ਹਾ) ਆਦਿ ਨੂੰ ਭਰ ਕੇ ਉਸ ਵਿਚੋਂ ਮੱਗ ਵਗੈਰਾ ਨਾਲ ਪਾਣੀ ਲੈ ਕੇ ਪਸ਼ੂ ਦੇ ਸਰੀਰ ਉੱਤੇ ਪਾਓ ਹੋ ਕੇ ਤਾਂ ਪਸ਼ੂਆਂ ਦੇ ਸਰੀਰ ਹੋ ਹੇਠਾਂ ਡਿੱਗਿਆ ਪਾਣੀ ਦਰੱਖਤਾਂ, ਸਬਜ਼ੀਆਂ, ਫੁੱਲਾਂ, ਫਲਾਂ ਦੇ ਬੂਟਿਆਂ ਨੂੰ ਪਾਇਆ ਜਾਵੇ।

**5. ਕੱਪੜੇ ਨੂੰ ਧੋਂਦੇ ਸਮੇਂ ਪਾਣੀ ਦਾ ਬਚਾਓ** : ਕਈ ਵਾਰ ਕਿਸੇ ਟੱਬ ਜਾਂ ਬਾਲਟੀ ਵਿਚ ਕੱਪੜੇ ਪਾ ਕੇ ਟੂਟੀ ਚੱਲਦੀ ਛੱਡ ਕੇ ਕੋਈ ਹੋਰ ਘਰੇਲੂ ਕੰਮ ਕਰਨ ਜਾਂ ਕਿਸੇ ਨਾਲ ਗੱਲਾਂ ਕਰਨ ਲੱਗ ਜਾਂਦੇ ਹਾਂ, ਟੂਟੀ ਬੰਦ ਕਰਨਾ ਭੁੱਲ ਜਾਂਦੇ ਹਾਂ ਇਸ ਤਰ੍ਹਾਂ ਵੀ ਅਨਮੋਲ ਰਤਨ ਪਾਣੀ ਕਾਫੀ ਮਾਤਰਾ ਵਿਚ ਬੇਕਾਰ ਚਲੇ ਜਾਂਦਾ ਹੈ। ਕੋਸ਼ਿਸ਼ ਕਰੋ ਜਦੋਂ ਤੱਕ ਲੋੜ ਮੁਤਾਬਕ ਪਾਣੀ ਦਾ ਟੱਬ ਜਾਂ ਬਾਲਟੀ ਭਰ ਨਹੀਂ ਜਾਂਦੇ ਟੂਟੀ ਕੋਲ ਹੀ ਖੜ੍ਹੇ ਰਹੋ।

**6. ਦੰਦਾਂ ਦੀ ਸਫਾਈ ਕਰਦੇ ਅਤੇ ਹੱਥ ਮੂੰਹ ਧੋਂਦੇ ਸਮੇਂ ਪਾਣੀ ਦਾ ਬਚਾਓ** : ਬੱਚੇ ਜਾਂ ਵਡੇਰੀ ਉਮਰ ਦੇ ਅਸੀਂ ਜਦੋਂ ਸਵੇਰੇ ਉੱਠ ਕੇ ਦੰਦ ਸਾਫ ਕਰਨ ਲਈ ਬੁਰਸ਼ ਕਰਦੇ ਸਮੇਂ ਨਾਲ ਨਾਲ ਟੂਟੀ ਵੀ ਚਲਦੀ ਰਹਿੰਦੀ ਹੈ। ਉਸ ਸਮੇਂ ਟੂਟੀ ਬੰਦ ਕਰੋ। ਬੁਰਸ਼ ਕਰਨ ਤੋਂ ਬਾਅਦ ਮੂੰਹ ਸਾਫ ਕਰਨ ਲਈ ਲੋੜ ਮੁਤਾਬਿਕ ਘੱਟ ਮਾਤਰਾ ਵਿਚ ਟੂਟੀ ਖੋਲ੍ਹੋ।

**7. ਨਹਾਉਂਦੇ ਸਮੇਂ ਪਾਣੀ ਦਾ ਬਚਾਓ** : ਨਹਾਉਂਦੇ ਸਮੇਂ ਟੂਟੀ ਜਾਂ ਫੁਆਰਾ ਸਦਾ ਹੀ ਚਲਦਾ ਨਾ ਰੱਖੋ ਸਰੀਰ ਨੂੰ ਜਾਂ ਸਿਰ ਨੂੰ ਗਿੱਲਾ ਕਰਕੇ ਸਾਬਣ ਵਗੈਰਾ ਲਗਾਉਂਦੇ ਸਮੇਂ ਟੂਟੀ ਜਾਂ ਫੁਆਰਾ ਬੰਦ ਕਰ ਦਿਓ ਸਾਬਣ ਲਗਾਉਣ ਤੋਂ ਬਾਅਦ ਦੁਬਾਰਾ ਟੂਟੀ ਜਾਂ ਫੁਆਰਾ ਚਲਾਓ ਜਾਂ ਟੱਬ, ਬਾਲਟੀ ਭਰ ਕੇ ਮੱਗ ਨਾਲ ਨਹਾਓ ਇਸ ਤਰ੍ਹਾਂ ਪਾਣੀ ਦੀ ਕਾਫੀ ਬੱਚਤ ਹੋਵੇਗੀ।

**8. ਘਰੇਲੂ ਆਰ. ਓ ਤੋਂ ਪਾਣੀ ਦਾ ਬਚਾਓ** : ਘਰੇਲੂ ਆਰ. ਓ ਦੀ ਪੀਣ ਯੋਗ ਪਾਣੀ ਇਕੱਠਾ ਕਰਨ ਲਈ ਟੈਂਕੀ ਲੱਗਭਗ 10 ਤੋਂ 11 ਲਿਟਰ ਦੀ ਹੁੰਦੀ ਹੈ ਆਰ. ਓ ਦੇ ਵਿਚ 10 ਲਿਟਰ ਪੀਣ ਯੋਗ ਪਾਣੀ ਇਕੱਠਾ ਹੋਣ ਲਈ 30 ਲਿਟਰ ਪੀਣ ਆਰ. ਓ ਦੇ ਵੇਸਟ ਪਾਣੀ ਵਾਲੇ ਪਾਈਪ ਰਾਹੀਂ ਬੇਕਾਰ ਚਲੇ ਜਾਂਦਾ ਹੈ ਮੰਨ ਲਓ ਇਕ ਪਰਿਵਾਰ ਦੇ 4 ਮੈਂਬਰ ਆਰ. ਓ ਦਾ ਪਾਣੀ ਪੀਂਦੇ ਹੋਣ ਤਾਂ ਖਪਤ ਦੇ ਮੁਤਾਬਿਕ ਇਕ ਆਰ. ਓ ਦੇ ਵਿਚੋਂ ਕਾਫੀ ਮਾਤਰਾ ਵਿਚ ਪਾਣੀ ਬੇਕਾਰ ਚਲੇ ਜਾਂਦਾ ਹੈ। ਇੱਕ ਪਿੰਡ, ਤਹਿਸੀਲ, ਜ਼ਿਲ੍ਹਾ ਦੇ ਆਧਾਰ ਉੱਤੇ ਹੀ ਜੇ ਔਸਤ ਕੱਢੀਏ ਤਾਂ ਰੋਜ਼ਾਨਾ ਲੱਖਾਂ ਕਰੋੜਾਂ ਲਿਟਰ ਪਾਣੀ ਆਰ. ਓ ਹੀ ਨਾਲੀਆਂ ਵਿਚ ਵਹਾ ਕੇ ਬੇਕਾਰ ਕਰ ਦਿੰਦੇ ਹਨ ਸੋ ਆਰ. ਓ ਦੇ ਵੇਸਟ ਪਾਣੀ ਵਾਲੇ ਪਾਈਪ ਦੇ ਮੂਹਰੇ ਫਰਸ਼ ਦੇ ਉੱਤੇ ਕੋਈ ਕੈਨੀ ਜਾਂ ਬਾਲਟੀ ਵਗੈਰਾ ਰੱਖ ਦੇਣੀ ਚਾਹੀਦੀ ਹੈ ਤਾਂ ਕਿ ਵੇਸਟ ਪਾਣੀ ਉਸ ਵਿਚ ਇਕੱਠਾ ਹੁੰਦਾ ਰਹੇ। ਉਸ ਪਾਣੀ ਨੂੰ ਘਰ ਵਿਚ ਵਰਤਣ (ਭਾਂਡੇ) ਸਾਫ ਕਰਨ, ਕੱਪੜੇ ਧੋਣ, ਨਹਾਉਣ, ਸਬਜ਼ੀਆਂ ਦੀਆਂ ਵੇਲਾਂ/ਬੂਟੇ, ਸਜਾਵਟੀ ਫੁੱਲ, ਫਲਦਾਰ ਬੂਟੇ, ਛਾਂਦਾਰ ਦਰਖਤਾਂ ਨੂੰ ਪਾਉਣ ਲਈ ਵਰਤੋਂ ਜਾਂ ਘਰ ਵਿਚ ਪੋਚੇ ਅਤੇ ਫਰਸ਼ ਧੋਣ ਲਈ ਵਰਤ ਲੈਣਾ ਚਾਹੀਦਾ ਹੈ ਜੇਕਰ ਅਸੀਂ ਥੋੜੀ ਜਿਹੀਂ ਹਿੰਮਤ ਕਰੀਏ ਤਾਂ ਇਸ ਤਰ੍ਹਾਂ ਕਰਕੇ ਪੂਰੇ ਸਾਲ ਵਿਚ ਆਰ. ਓ. ਰਾਹੀਂ ਪਿੰਡ, ਕਸਬੇ, ਸ਼ਹਿਰਾਂ, ਜ਼ਿਲ੍ਹਾ, ਸਟੇਟ ਪੱਧਰ ਉੱਤੇ ਬਹੁਤ ਵੱਡੀ ਮਾਤਰਾ ਵਿਚ ਪਾਣੀ ਬਚਾ ਕੇ ਧਰਤੀ ਦੇ ਪਾਣੀ ਦਾ ਪੱਧਰ ਉੱਚਾ ਚੁੱਕਣ ਵਿਚ ਬਹੁਤ ਵੱਡਾ ਯੋਗਦਾਨ ਪਾ ਸਕਦੇ ਹਾਂ।

**9. ਮੀਂਹ (ਵਰਖਾ/ਬਾਰਿਸ਼) ਦੇ ਪਾਣੀ ਨੂੰ ਇਕੱਠਾ ਕਰਕੇ ਪਾਣੀ ਦਾ ਬਚਾਓ** : ਕੋਸ਼ਿਸ਼ ਕਰੋ ਕਿ ਬਾਰਿਸ਼ ਹੁੰਦੀ ਸਮੇਂ ਘਰ ਦਾ ਵਿਹੜਾ ਜਾਂ ਮਕਾਨਾਂ ਦੀਆਂ ਛੱਤਾਂ ਉੱਤੇ ਖੁੱਲ੍ਹੇ ਬਰਤਨ ਲੋਹੇ ਜਾਂ ਪਲਾਸਟਿਕ ਦੇ ਟੱਬ ਵਗੈਰਾ ਰੱਖ ਦੇਣੇ ਚਾਹੀਦੇ ਹਨ ਉਹਨਾਂ ਵਿਚ ਬਾਰਿਸ਼ ਦਾ ਪਾਣੀ ਸਿੱਧਾ ਹੀ ਪਵੇ ਉਸਨੂੰ ਇਸ ਤਰ੍ਹਾਂ ਇਕੱਠਾ ਕਰ ਲਓ ਲੋੜ ਅਨੁਸਾਰ ਵਰਤਦੇ ਰਹੋ ਖੇਤੀ ਸੈਕਟਰ ਵਿਚ ਛੋਟੇ ਵੱਡੇ, ਕੱਚੇ ਪੱਕੇ ਤਲਾਬ ਆਪਣੀ ਪਹੁੰਚ ਮੁਤਾਬਿਕ ਬਣਾਓ ਫਸਲਾਂ ਵਾਸਤੇ ਲੋੜ ਮੁਤਾਬਿਕ ਉਹ ਪਾਣੀ ਵਰਤਦੇ ਰਹੋ। ਧਰਤੀ ਹੇਠਲਾ ਪਾਣੀ ਬਚਾਉਣ ਲਈ ਅਜਿਹੇ ਤਰੀਕੇ ਕਾਫੀ ਕਾਰਗਰ ਸਿੱਧ ਹੋਣਗੇ।

**10. ਨਹਿਰੀ ਪਾਣੀ ਦੀ ਵਰਤੋਂ ਕਰਕੇ ਪਾਣੀ ਦਾ ਬਚਾਓ** : ਜਿਸ ਇਲਾਕੇ ਵਿਚ ਫਸਲਾਂ ਨੂੰ ਨਹਿਰੀ ਅਤੇ ਟਿਊਬਵੈਲ ਦੋਨਾਂ ਦਾ ਪਾਣੀ ਲੱਗਦਾ ਹੋਵੇ ਤਾਂ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਕੇ ਟਿਊਬਵੈਲਾਂ ਦੇ ਪਾਣੀ ਨੂੰ ਬਚਾ ਕੇ ਧਰਤੀ ਹੇਠਲੇ ਪਾਣੀ ਦੇ ਲੈਵਲ ਨੂੰ ਉੱਚਾ ਚੁੱਕਣ ਵਿਚ ਮਦਦ ਹੋ ਸਕਦੀ ਹੈ।

**11. ਪੇਂਡੂ ਅਤੇ ਸ਼ਹਿਰੀ ਸਰਕਾਰੀ ਟੂਟੀਆਂ ਤੋਂ ਪਾਣੀ ਦਾ ਬਚਾਓ** : ਪਿੰਡਾਂ, ਕਸਬਿਆਂ, ਸ਼ਹਿਰਾਂ ਵਿਚ ਕਈ ਵਾਰ ਕਿਸੇ ਸਾਂਝੀ ਥਾਂ ਤੇ ਲੱਗੀ ਹੋਈ ਟੂਟੀ ਚੱਲ ਰਹੀ ਹੋਵੇ ਅਤੇ ਪਾਣੀ ਬੇਕਾਰ ਜਾ ਰਿਹਾ ਹੋਵੇ ਉਸ ਦੇ ਕੋਲੋਂ ਚੁੱਪ ਚਾਪ ਲੰਘਣ ਦੀ ਬਜਾਏ ਟੂਟੀ ਨੂੰ ਬੰਦ ਕਰੋ ਇਹ ਨਹੀਂ ਸੋਚਣਾ ਚਾਹੀਦਾ ਕਿ ਇਹ ਟੂਟੀ ਕਿਹੜਾ ਮੇਰੇ ਘਰ ਦੀ ਟੂਟੀ ਹੈ ਸੋ ਅਸੀਂ ਪਿੰਡਾਂ, ਕਸਬਿਆਂ, ਸ਼ਹਿਰਾਂ ਦੇ ਵਸਨੀਕ ਆਪੋ ਆਪਣੇ ਕਿੱਤੇ ਨਾਲ ਜੁੜੇ ਹੋਏ ਵਰਗ ਦੇ ਲੋਕ ਇਹ ਲਿਖੇ ਹੋਏ ਸਾਰੇ ਹੀ ਤਰੀਕੇ ਅਪਣਾ ਕੇ ਦਿਨੋ ਦਿਨ ਪਾਣੀ ਦੇ ਹੇਠਾਂ ਡਿੱਗਦੇ ਹੋਏ ਪੱਧਰ ਨੂੰ ਉੱਚਾ ਚੁੱਕਣ ਵਿਚ ਆਪਣਾ ਫਰਜ਼ ਸਮਝਦੇ ਹੋਏ ਵਡਮੁੱਲਾ ਯੋਗਦਾਨ ਪਾਈਏ ਅਤੇ ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹੱਤ ਦੇ ਮਹਾਂਵਾਕਾਂ ਦਾ ਸਿਧਾਂਤ ਅਪਨਾਈਏ।

**12. ਰਸੋਈ ਵਿਚ ਜੂਠੇ ਬਰਤਨ (ਭਾਂਡੇ) ਧੋਂਦੇ ਸਮੇਂ ਪਾਣੀ ਦਾ ਬਚਾਓ** : ਜੂਠੇ ਬਰਤਨ ਧੋਂਦੇ ਸਮੇਂ ਪੂਰੀ ਟੂਟੀ ਖੋਲ੍ਹਣ ਨਾਲ ਪਾਣੀ ਬਹੁਤ ਬੇਕਾਰ ਚਲਾ ਜਾਂਦਾ ਹੈ ਸੋ ਬਰਤਨ ਧੋਂਦੇ ਸਮੇਂ ਘੱਟ ਮਾਤਰਾ ਵਿਚ ਲੋੜ ਮੁਤਾਬਿਕ ਟੂਟੀ ਖੋਲੋ ਅਤੇ ਪਾਣੀ ਦੀ ਬੱਚਤ ਕਰੋ।

**13. ਸਰਕਾਰਾਂ ਨੂੰ ਬੇਨਤੀ** : ਪਾਣੀ ਦੇ ਸੰਕਟ ਨੂੰ ਮੁੱਖ ਰੱਖ ਕੇ ਜੇ ਹੋ ਸਕੇ ਤਾਂ ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਖੇਤੀ ਵਾਸਤੇ ਜ਼ਿਆਦਾ ਤੋਂ ਜ਼ਿਆਦਾ ਨਹਿਰੀ ਪਾਣੀ ਮੁਹੱਈਆ ਕਰਾਇਆ ਜਾਵੇ ਅਤੇ ਪੀਣ ਵਾਸਤੇ ਵੀ ਨਹਿਰੀ ਪਾਣੀ ਮਸ਼ੀਨਾਂ ਰਾਹੀਂ ਸ਼ੁੱਧ ਕਰਕੇ ਨਹਿਰਾਂ ਦੇ ਨੇੜੇ ਵਸੇ ਹੋਏ ਸ਼ਹਿਰਾਂ ਵਿਚ ਪਹੁੰਚਾਇਆ ਜਾਵੇ ਅਤੇ ਘੱਟ ਪਾਣੀ ਨਾਲ ਪੈਦਾ ਹੋਣ ਵਾਲੀਆਂ ਫਸਲਾਂ ਉੱਤੇ ਐਮ.ਐਸ.ਪੀ. (ਫਸਲਾਂ ਦੇ ਪੱਕੇ ਰੇਟ) ਬੰਨ੍ਹੇ ਜਾਣ ਅਤੇ ਕਣਕ, ਝੋਨੇ ਦੀ ਫਸਲਾਂ ਦੀ ਤਰ੍ਹਾਂ ਫਸਲ ਵਿਕਰੀ ਦੇ ਪੈਸੇ ਸਮੇਂ ਸਿਰ ਮਿਲਣ ਤਾਂ ਕਿ ਕਿਸਾਨ ਵੀਰ ਝੋਨੇ ਨੂੰ ਤਿਆਰ ਕੇ ਘੱਟ ਪਾਣੀ ਅਤੇ ਘੱਟ ਫਸਲੀ ਜ਼ਹਿਰਾਂ ਨਾਲ ਪੈਦਾ ਹੋਣ ਵਾਲੀਆਂ ਫਸਲਾਂ ਨੂੰ ਅਪਨਾਉਣ ਅਤੇ ਪਾਣੀ ਨੂੰ ਬਚਾਉਣ ਵਿਚ ਮਦਦ ਹੋ ਸਕੇ। ''ਸੋ ਆਓ ਆਪਾਂ ਰਲ ਮਿਲ ਹਰ ਵਰਗ ਜ਼ੋਰ ਲਗਾਈਏ, ਘੱਟ ਪਾਣੀ ਨਾਲ ਪੈਦਾ ਹੋਣ ਵਾਲੀਆਂ ਫਸਲਾਂ ਉਗਾਈਏ। ਘਰਾਂ ਅਤੇ ਸਾਂਝੇ ਥਾਵਾਂ ਵਿਚ ਪਾਣੀ ਦੀਆਂ ਟੂਟੀਆਂ ਫਾਲਤੂ ਨਾ ਚਲਾਈਏ, ਮਸ਼ੀਨਰੀ ਧੋਂਦੇ ਸਮੇਂ ਵੀ ਬਹੁਤ ਪਾਣੀ ਨਾ ਵਹਾਈਏ। ਆਉਣ ਵਾਲੀਆਂ ਪੀੜੀਆਂ ਲਈ ਵੀ ਕੁਝ ਚੰਗਾ ਕਰਕੇ ਜਾਈਏ, ਆਪਣੇ ਸਾਹਾਂ ਦੀ ਤਰ੍ਹਾਂ ਪਾਣੀ ਨੂੰ ਵੀ ਹਰਮਨ ਪਿਆਰਾ ਬਣਾਈਏ। ਪਾਣੀ ਨੂੰ ਬਰਬਾਦ ਕਰਦੇ ਜ਼ਿੰਦਗੀ ਲਈ ਖਤਰੇ ਦੀ ਘੰਟੀ ਨਾ ਬਜਾਈਏ, ਫਸਲਾਂ, ਪਸ਼ੂ, ਪੰਛੀ, ਮਨੁੱਖੀ ਜ਼ਿੰਦਗੀਆਂ ਬਚਾਉਣ ਲਈ ਅਨਮੋਲ ਰਤਨ ਪਾਣੀ ਨੂੰ ਹਰ-ਹੀਲੇ ਬਚਾਈਏ''।

# ਝੋਨੇ ਦੀ ਸਿੱਧੀ ਬਿਜਾਈ ਅਤੇ ਹੱਥੀਂ ਲਵਾਈ ਦਾ ਤੁਲਨਾਤਮਿਕ ਲੇਖਾ ਜੋਖਾ

ਘੱਟ ਤੋਂ ਦਰਮਿਆਨੇ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਦੀ ਕਾਸ਼ਤ ਸਭ ਤੋਂ ਵਧੀਆ ਹੈ ਜਿਸ ਨਾਲ ਝੋਨੇ ਦੀ ਕਟਾਈ ਤੋਂ ਬਾਅਦ ਇਸਦੀ ਰਹਿੰਦ-ਖੂੰਹਦ ਦਾ ਪ੍ਰਬੰਧ ਕਰਨ ਲਈ ਭਰਪੂਰ ਸਮਾਂ ਮਿਲ ਜਾਂਦਾ ਹੈ। ਪਰਮਲ ਕਿਸਮਾਂ ਦੀ ਬਿਜਾਈ ਲਈ ਜੂਨ ਦਾ ਪਹਿਲਾ ਪੰਦਰਵਾੜਾ ਅਤੇ ਬਾਸਮਤੀ ਦੀਆਂ ਕਿਸਮਾਂ

ਰਾਜ ਕੁਮਾਰ ਅਤੇ ਗੁਰਪ੍ਰੀਤ ਕੌਰ,
ਇਕੋਨੋਮਿਕਸ ਅਤੇ ਸ਼ੋਸ਼ਿਆਲੋਜ਼ੀ ਵਿਭਾਗ, ਪੀ. ਏ. ਯੂ., ਲੁਧਿਆਣਾ
(ਮੋ. 81460-96600)

ਲਈ ਜੂਨ ਦਾ ਦੂਜਾ ਪੰਦਰਵਾੜਾ ਢੁੱਕਵਾਂ ਰਹਿੰਦਾ ਹੈ। ਇਸ ਵਿਧੀ ਵਿਚ 8-10 ਕਿਲੋ ਪ੍ਰਤੀ ਏਕੜ ਬੀਜ ਦੀ ਲੋੜ ਹੁੰਦੀ ਹੈ। ਪੰਜਾਬ ਸਰਕਾਰ ਵੱਲੋਂ ਇਸ ਵਿਧੀ ਨਾਲ ਝੋਨੇ ਦੀ ਕਾਸ਼ਤ ਲਈ 2023-24 ਵਿਚ ਪੰਜ ਲੱਖ ਏਕੜ ਦਾ ਟੀਚਾ ਮਿੱਥਿਆ ਗਿਆ ਸੀ। ਇਸ ਵਿਧੀ ਨੂੰ ਉਤਸ਼ਾਹਿਤ ਕਰਨ ਲਈ 1500 ਰੁਪਏ ਪ੍ਰਤੀ ਏਕੜ ਦਾ ਪ੍ਰੋਤਸਾਹਨ ਦੇਣ ਦੇ ਬਾਵਜੂਦ ਵੀ ਇਸਦਾ ਰਕਬਾ ਸਿਰਫ 1.72 ਲੱਖ ਏਕੜ ਤੱਕ ਹੀ ਪਹੁੰਚ ਸਕਿਆ। ਇਸਦਾ ਮੁੱਖ ਕਾਰਨ ਜੁਲਾਈ, 2023 ਵਿਚ ਆਏ ਹੜ੍ਹ ਸਨ ਜਿਸ ਨਾਲ ਇਸ ਵਿਧੀ ਦੁਆਰਾ ਬੀਜਿਆ ਗਿਆ ਕਾਫੀ ਰਕਬਾ ਖਰਾਬ ਹੋ ਗਿਆ ਸੀ ਅਤੇ ਕਿਸਾਨਾਂ ਨੂੰ ਟਰਾਂਸਪਲਾਂਟਿੰਗ ਵਿਧੀ ਨਾਲ ਫਸਲ ਦੀ ਦੁਬਾਰਾ ਬਿਜਾਈ ਕਰਨੀ ਪਈ। ਝੋਨੇ ਦੀ ਸਿੱਧੀ ਬਿਜਾਈ ਤਕਨੀਕ ਤੇਜ਼ੀ ਨਾਲ ਘੱਟ ਰਹੇ ਜ਼ਮੀਨਦੋਜ਼ ਪਾਣੀ ਨੂੰ ਬਚਾਉਣ ਵਿਚ ਮੱਦਦ ਕਰ ਸਕਦੀ ਹੈ ਅਤੇ ਝੋਨੇ ਦੀ ਕਟਾਈ ਤੋਂ ਤੁਰੰਤ ਬਾਅਦ ਫਸਲਾਂ ਦੀ ਰਹਿੰਦ-ਖੂੰਹਦ ਵੀ ਸੰਭਾਲੀ ਜਾ ਸਕਦੀ ਹੈ।



**ਝੋਨੇ ਦੀ ਸਿੱਧੀ ਬਿਜਾਈ ਦੇ ਫਾਇਦੇ** : ਲਗਭਗ 25% ਤੱਕ ਸਿੰਚਾਈ ਦੇ ਪਾਣੀ ਅਤੇ ਬਿਜਲੀ ਦੀ ਬੱਚਤ, ਲਗਭਗ 33% ਲੇਬਰ ਦੀ ਬੱਚਤ, ਬਿਮਾਰੀਆਂ ਦਾ ਘੱਟ ਸੰਕਰਮਣ, ਇਸਤੋਂ ਬਾਅਦ ਬੀਜੀ ਕਣਕ ਦੇ ਝਾੜ ਵਿਚ ਲਗਭਗ ਇਕ ਕੁਇੰਟਲ ਪ੍ਰਤੀ ਏਕੜ ਦਾ ਵਾਧਾ ਅਤੇ ਹੱਥੀਂ ਲਵਾਏ ਝੋਨੇ ਦੇ ਮੁਕਾਬਲੇ ਝਾੜ ਵਿਚ ਕੋਈ ਖਾਸ ਅੰਤਰ ਨਹੀਂ।

**ਸਿੱਧੀ ਬਿਜਾਈ ਦੀਆਂ ਸਮੱਸਿਆਵਾਂ** : ਨਦੀਨਾਂ ਦੀ ਸਮੱਸਿਆ, ਬੀਜ ਦੀ ਜ਼ਿਆਦਾ ਲੋੜ, ਜ਼ਮੀਨ ਦਾ ਪੱਧਰਾ ਹੋਣਾ ਲਾਜ਼ਮੀ, ਅਗੇਤੀ ਬਿਜਾਈ ਜ਼ਰੂਰੀ ਤਾਂ ਕਿ ਮੌਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਪੌਦੇ ਸਹੀ ਢੰਗ ਨਾਲ ਬਾਹਰ ਆ ਸਕਣ ਅਤੇ ਇਸ ਵਿਧੀ ਦਾ ਹਲਕੀਆਂ ਜ਼ਮੀਨਾਂ 'ਤੇ ਢੁੱਕਵਾਂ ਨਾ ਹੋਣਾ।

| ਵਿਵਰਣ | ਸਿੱਧੀ ਬਿਜਾਈ | ਹੱਥੀਂ ਲਵਾਈ |
|---|---|---|
| ਝੋਨੇ ਦਾ ਝਾੜ (ਕੁਇੰਟਲ) | 29.5 | 30 |
| ਝੋਨੇ ਤੋਂ ਕੁਲ ਆਮਦਨ | 64989 | 66090 |
| **ਕਾਸ਼ਤਕਾਰੀ ਲਾਗਤਾਂ** | | |
| 1. ਬੀਜ ਅਤੇ ਬੀਜ ਦੀ ਸੋਧ | 514 | 474 |
| 2. ਖਾਦਾਂ | 3404 | 3404 |
| 3. ਪੌਦ ਸੁਰੱਖਿਆ | 3448 | 2948 |
| 4. ਸਿੰਚਾਈਆਂ ਤੇ ਖਰਚ | 1552 | 2134 |
| 5. ਡੀਜ਼ਲ ਤੇ | 3128 | 3128 |
| 6. ਲੇਬਰ ਤੇ ਖਰਚ | 4500 | 6750 |
| 7. ਟਰੈਕਟਰ ਦੀ ਵਰਤੋਂ | 3125 | 4375 |
| 8. ਕਟਾਈ | 1700 | 1700 |
| 9. ਮੰਡੀਕਰਨ ਦਾ ਖਰਚ | 529 | 538 |
| 10. ਉਪਰਿਕਤ ਖਰਚਿਆਂ ਤੇ ਫਸਲ ਦੇ ਅੱਧੇ ਸਮੇਂ ਦਾ ਵਿਆਜ | 274 | 318 |
| **ਕੁੱਲ ਕਾਸ਼ਤਕਾਰੀ ਖਰਚੇ** | **22174** | **25769** |
| **ਨਿਰੋਲ ਆਮਦਨ** | **42815** | **40321** |

# ਗਰਮੀਆਂ ਰੁੱਤ ਦੀਆਂ ਸਬਜ਼ੀਆਂ ਵਿੱਚ ਸਿੰਚਾਈ ਪ੍ਰਬੰਧ ਦੀ ਮਹੱਤਤਾ


ਸੁਖਵਿੰਦਰ ਸਿੰਘ ਔਲਖ, ਨਵਜੋਤ ਸਿੰਘ ਬਰਾੜ ਅਤੇ
ਕੁਲਬੀਰ ਸਿੰਘ (94631-31081), ਸਬਜ਼ੀ ਖੋਜ ਫਾਰਮ, ਖਨੌੜਾ

**ਸਿੰਚਾਈ ਦੇ ਢੰਗ ਅਤੇ ਵਿਉਂਤਬੰਦੀ**

ਪਾਣੀ ਦੀ ਹਰ ਬੂੰਦ ਦੀ ਸੁਚੱਜੀ ਵਰਤੋਂ ਲਈ ਸਬਜ਼ੀਆਂ ਵਿਚ ਹੇਠਾਂ ਦਿੱਤੇ ਸਿੰਚਾਈ ਦੇ ਢੰਗ ਅਤੇ ਤਰੀਕਿਆਂ ਦੀ ਸਿਫਾਰਸ਼ ਕੀਤੀ ਜਾਂਦੀ ਹੈ।

**1. ਮਿੱਟੀ ਵਿਚ ਨਮੀਂ ਦੀ ਮਾਤਰਾ ਦੀ ਪਰਖ** : ਫਸਲਾਂ ਨੂੰ ਲੋੜੀਂਦੀ ਪਾਣੀ ਯਕੀਨੀ ਬਣਾਉਣ ਲਈ ਮਿੱਟੀ ਵਿਚ ਨਮੀਂ ਦੀ ਨਿਯਮਤ ਤੌਰ 'ਤੇ ਪਰਖ ਕਰਨਾ ਜ਼ਰੂਰੀ ਹੈ ਜੋ ਕਿ ਮਿੱਟੀ ਦੀ ਕਿਸਮ ਤੇ ਨਿਰਭਰ ਕਰਦੀ ਹੈ।

**2. ਵਿਗਿਆਨਕ ਤਰੀਕੇ ਨਾਲ ਖੇਤੀ** : ਜ਼ਮੀਨ ਦੀ ਸਤ੍ਹਾ ਨੂੰ ਪਰਾਲੀ, ਨਾੜ, ਘਾਹ-ਫੂਸ ਜਾਂ ਪਲਾਸਟਿਕ ਸ਼ੀਟ ਨਾਲ ਢੱਕਣ ਨੂੰ ਮਲਚਿੰਗ ਆਖਦੇ ਹਨ ਜਿਸ ਨਾਲ ਸਤਹ ਦਾ ਵਾਸ਼ਪੀਕਰਨ ਘੱਟ ਜਾਂਦਾ ਹੈ ਅਤੇ ਪਾਣੀ ਦੀ ਬਚਤ ਹੁੰਦੀ ਹੈ। ਉਦਾਹਰਨ ਵਜੋਂ ਮਿਰਚਾਂ ਵਿਚ 25 ਕੁਇੰਟਲ ਪ੍ਰਤੀ ਏਕੜ ਝੋਨੇ ਦੀ ਪਰਾਲੀ ਦੀ ਮਲਚ ਮਿੱਟੀ ਦੀ ਨਮੀ ਨੂੰ ਬਰਕਰਾਰ ਰੱਖਦੀ ਹੈ ਅਤੇ ਇਸ ਕਾਰਨ 15-16 ਸਿੰਚਾਈਆਂ ਦੀ ਜਗ੍ਹਾਂ ਸਿਰਫ 9 ਸਿੰਚਾਈਆਂ ਦੀ ਹੀ ਲੋੜ ਪੈਂਦੀ ਹੈ। ਏਸੇ ਤਰ੍ਹਾਂ ਮਿਰਚਾਂ ਵਿੱਚ ਇਕ ਖਾਲ ਛੱਡ ਕੇ ਸਿੰਚਾਈ ਕਰਨ ਨਾਲ ਅਤੇ ਹਲਕੀ ਬਣਤਰ ਵਾਲੀ ਮਿੱਟੀ ਵਿਚ ਉਗਾਈ ਜਾਣ ਵਾਲੀ ਭਿੰਡੀ ਵਿਚ ਮਲਚਿੰਗ ਦੇ ਨਾਲ-ਨਾਲ ਨਹਿਰੀ ਅਤੇ ਖਾਰੇ ਪਾਣੀ ਰਲਾ ਕੇ ਸਿੰਚਾਈ ਕਰਨ ਨਾਲ ਚੰਗੇ ਨਤੀਜੇ ਮਿਲਦੇ ਹਨ।



**3. ਤੁਪਕਾ ਸਿੰਚਾਈ** : ਤੁਪਕਾ ਸਿੰਚਾਈ ਦੇ ਨਾਲ ਸਬਜ਼ੀਆਂ ਦੇ ਕੁੱਲ ਝਾੜ ਅਤੇ ਗੁਣਵੱਤਾ ਵਿਚ ਕਾਫੀ ਵਧੇ ਦੇ ਨਾਲ ਪਾਣੀ ਦੀ ਬਚਤ ਵੀ ਹੁੰਦੀ ਹੈ। ਉਦਾਹਰਨ ਲਈ ਮਿਰਚ ਅਤੇ ਬੈਂਗਣ ਵਿਚ ਤੁਪਕਾ ਸਿੰਚਾਈ ਨਾ ਸਿਰਫ ਉਪਜ ਨੂੰ ਵਧਾਉਂਦੀ ਹੈ ਬਲਕਿ ਸਿੰਚਾਈ ਦੇ ਰਵਾਇਤੀ ਤਰੀਕਿਆਂ ਦੇ ਮੁਕਾਬਲੇ 46-50 ਪ੍ਰਤੀਸ਼ਤ ਪਾਣੀ ਦੀ ਬੱਚਤ ਵੀ ਕਰਦੀ ਹੈ। ਰਵਾਇਤੀ ਪ੍ਰਣਾਲੀ ਵਿਚ ਸਿੰਚਾਈ ਦੋ ਦਿਨਾਂ ਦੇ ਅੰਤਰਾਲ 'ਤੇ ਕੀਤੀ ਜਾਂਦੀ ਹੈ ਜਦਕਿ ਨਾੜ, ਘਾਹ-ਫੂਸ ਜਾਂ ਪਲਾਸਟਿਕ ਸ਼ੀਟ ਨਾਲ ਢੱਕਣ ਨੂੰ ਮਲਚਿੰਗ ਆਖਦੇ ਹਨ ਤੁਪਕਾ ਸਿੰਚਾਈ ਵਿਚ ਮਿਰਚਾਂ ਦੀਆਂ ਦੋ ਕਤਾਰਾਂ ਨੂੰ 80 ਸੈਂਟੀਮੀਟਰ ਚੌੜੇ ਬੈੱਡ 'ਤੇ 60 ਸੈਂਟੀਮੀਟਰ ਕਤਾਰ ਤੋਂ ਕਤਾਰ ਅਤੇ 45 ਸੈਂਟੀਮੀਟਰ ਪੌਦੇ ਤੋਂ ਪੌਦੇ ਦੀ ਦੂਰੀ 'ਤੇ ਲਗਾਇਆ ਜਾਂਦਾ ਹੈ। ਇੱਕ ਬੈੱਡ ਉੱਪਰ ਲੱਗੀ ਮਿਰਚਾਂ ਦੀ ਫਸਲ ਨੂੰ 30 ਸੈਂਟੀਮੀਟਰ ਦੀ ਦੂਰੀ 'ਤੇ ਡਰਿੱਪਰਾਂ ਵਾਲੀ ਇਕ ਲੈਟਰਲ ਪਾਈਪ ਨਾਲ ਸਿੰਚਾਈ ਕੀਤੀ ਜਾਂਦੀ ਹੈ ਜਿਸ ਦੇ ਇਕ ਡਰਿੱਪਰ ਦਾ ਡਿਸਚਾਰਜ 2.2 ਲੀਟਰ ਪ੍ਰਤੀ ਘੰਟਾ ਹੁੰਦਾ ਹੈ।

**ਸਾਰਣੀ 1 : ਮਿਰਚ ਅਤੇ ਬੈਂਗਣ ਦੀ ਫਸਲ ਵਿਚ ਤੁਪਕਾ ਸਿੰਚਾਈ ਦੀ ਸਮਾਂ ਸਾਰਣੀ**

| ਮਹੀਨਾ | ਸਿੰਚਾਈ ਦਾ ਸਮਾਂ (ਮਿੰਟ) |
|---|---|
| **ਮਿਰਚ** | |
| ਮਾਰਚ | 31 |
| ਅਪ੍ਰੈਲ | 61 |
| ਮਈ | 137 |
| ਜੂਨ | 110 |
| ਜੁਲਾਈ | 60 |
| ਅਗਸਤ | 60 |
| **ਬੈਂਗਣ** | |
| ਅਗਸਤ | 36 |
| ਸਤੰਬਰ | 40 |
| ਅਕਤੂਬਰ | 60 |
| ਨਵੰਬਰ | 68 |

**4. ਸਿੰਚਾਈ ਦਾ ਸਮਾਂ** : ਸਬਜ਼ੀਆਂ ਆਮ ਤੌਰ 'ਤੇ ਬੈਡਾਂ ਜਾਂ ਵੱਟਾਂ ਉੱਤੇ ਉਗਾਈਆਂ ਜਾਂਦੀਆਂ ਹਨ ਅਤੇ ਸਿੰਚਾਈ ਖਾਲ੍ਹੀਆਂ ਰਾਹੀਂ ਕੀਤੀ ਜਾਂਦੀ ਹੈ। ਬੈੱਡ ਅਤੇ ਖਾਲੀ ਦਾ ਆਕਾਰ ਉਗਾਈ ਜਾਣ ਵਾਲੀ ਫਸਲ ਦੀ ਕਿਸਮ ਅਤੇ ਅਪਣਾਈ ਜਾਣ ਵਾਲੀ ਵਿੱਥ 'ਤੇ ਨਿਰਭਰ ਕਰਦੀ ਹੈ। ਫਸਲਾਂ ਦੀ ਸਿੰਚਾਈ ਸਮਾਂ-ਸਾਰਣੀ ਬਣਾਉਣ ਲਈ ਫਸਲ ਦੀ ਜੜ੍ਹਾਂ ਦੀ ਡੂੰਘਾਈ ਅਤੇ ਬਣਤਰ ਦਾ ਗਿਆਨ ਹੋਣਾ ਜ਼ਰੂਰੀ ਹੈ।

**ਸਾਰਣੀ 2 : ਗਰਮੀਆਂ ਦੀਆਂ ਸਬਜ਼ੀਆਂ ਦੀ ਸਿੰਚਾਈ ਲਈ ਸਮਾਂ ਸੂਚੀ**

| ਸਬਜ਼ੀ ਦਾ ਨਾਮ | ਸਿੰਚਾਈ ਲਈ ਸਮਾਂ ਸੂਚੀ |
|---|---|
| ਟਮਾਟਰ, ਮਿਰਚ, ਬੈਂਗਣ, ਸ਼ਿਮਲਾ ਮਿਰਚ | ਪਹਿਲਾ ਪਾਣੀ ਬੂਟੇ ਲਾਉਣ ਤੋਂ ਬਾਅਦ ਤੁਰੰਤ ਦੇਣਾ ਚਾਹੀਦਾ ਹੈ ਅਤੇ ਬਾਅਦ ਵਾਲੇ ਪਾਣੀ 7-10 ਦਿਨ ਦੇ ਵਕਫੇ ਬਾਅਦ ਦੇਣੇ ਚਾਹੀਦੇ ਹਨ। ਟਮਾਟਰ ਵਿਚ ਫਸਲ ਦੀ ਪਕਾਈ ਸਮੇਂ ਸਿੰਚਾਈ ਲਈਂ ਕਰਨੀ ਚਾਹੀਦੀ ਤਾਂ ਜੋ ਫਲ ਨਾ ਫਟਣ। ਮਿਰਚ ਅਤੇ ਸ਼ਿਮਲਾ ਮਿਰਚ ਵਿਚ ਮਿੱਟੀ ਚੜ੍ਹਾਉਣ ਨਾਲ ਬੂਟਿਆਂ ਨੂੰ ਮੁਰਝਾਉਣ ਵਾਲਾ ਰੋਗ ਨਹੀਂ ਲਗਦਾ। ਇਹਨਾਂ ਫਸਲਾਂ ਵਿਚ ਕੁੱਲ 12-16 ਸਿੰਚਾਈਆਂ ਦੀ ਲੋੜ ਪੈਂਦੀ ਹੈ। |
| ਭਿੰਡੀ ਅਤੇ ਲੋਬੀਆ | ਬੀਜ ਦੀ ਬਿਜਾਈ ਵੱਤਰ ਵਿਚ ਕਰਨੀ ਚਾਹੀਦੀ ਹੈ ਅਤੇ ਪਹਿਲਾ ਪਾਣੀ ਬਿਜਾਈ ਤੋਂ 4-5 ਦਿਨ ਦੇ ਵਕਫੇ ਤੇ ਲਗਾਉਣਾ ਚਾਹੀਦਾ ਹੈ। ਬਾਅਦ ਵਾਲੇ ਪਾਣੀ 10-12 ਦਿਨ ਦੇ ਵਕਫੇ ਤੇ ਦੇਣੇ ਚਾਹੀਦੇ ਹਨ। |
| ਖਰਬੂਜ਼ਾ ਅਤੇ ਤਰਬੂਜ਼ | ਪਹਿਲਾ ਪਾਣੀ ਬੀਜ ਦੀ ਬੀਜਾਈ ਜਾਂ ਬੂਟੇ ਲਾਉਣ ਤੋਂ ਬਾਅਦ ਤੁਰੰਤ ਦੇਣਾ ਚਾਹੀਦਾ ਹੈ ਅਤੇ ਬਾਅਦ ਵਾਲੇ ਪਾਣੀ 7 ਦਿਨ ਦੇ ਵਕਫੇ ਬਾਅਦ ਦੇਣੇ ਚਾਹੀਦੇ ਹਨ। ਸਿੰਚਾਈ ਅਤੇ ਬਰਸਾਤ ਤੋਂ ਬਾਅਦ ਫਲ ਦਾ ਪਾਸਾ ਬਦਲ ਦੇਣਾ ਚਾਹੀਦਾ ਹੈ ਤਾਂ ਜੋ ਫਲ ਗਲਣ ਤੋਂ ਬਚ ਸਕੇ। ਫਲ ਦੀ ਪਕਾਈ ਸਮੇਂ ਸਿੰਚਾਈ ਨਹੀਂ ਕਰਨੀ ਚਾਹੀਦੀ ਤਾਂ ਜੋ ਫਲ ਦੀ ਮਿਠਾਸ ਜ਼ਿਆਦਾ ਬਣ ਸਕੇ ਅਤੇ ਜ਼ਿਆਦਾ ਸਮੇਂ ਤੱਕ ਰੱਖਿਆ ਜਾ ਸਕੇ। |
| ਘੀਆ ਕੱਦੂ, ਕਰੇਲਾ, ਘੀਆ ਤੋਰੀ, ਹਲਵਾ ਕੱਦੂ ਅਤੇ ਖੀਰਾ | ਖੀਰਾ, ਟਿੰਡਾ ਅਤੇ ਵੰਗਾ ਬੀਜਣ ਤੋਂ ਪਹਿਲਾਂ ਖਾਲਾਂ ਵਿਚ ਪਾਣੀ ਲਗਾ ਲੈਣਾ ਚਾਹੀਦਾ ਹੈ। ਬਾਕੀ ਫਸਲਾਂ ਵਿਚ ਪਹਿਲਾ ਪਾਣੀ ਬੀਜਾਈ ਜਾਂ ਬੂਟੇ ਲਾਉਣ ਤੋਂ ਬਾਅਦ ਤੁਰੰਤ ਦੇਣਾ ਚਾਹੀਦਾ ਹੈ ਅਤੇ ਬਾਅਦ ਵਾਲੇ ਪਾਣੀ 6-7 ਦਿਨ ਦੇ ਵਕਫੇ ਬਾਅਦ ਦੇਣੇ ਚਾਹੀਦੇ ਹਨ। ਇਹਨਾਂ ਫਸਲਾਂ ਵਿਚ ਕੁੱਲ 8-12 ਸਿੰਚਾਈਆਂ ਦੀ ਲੋੜ ਪੈਂਦੀ ਹੈ। ਲੋੜ ਤੋਂ ਜ਼ਿਆਦਾ ਪਾਣੀ ਦੇਣ ਨਾਲ ਉਲੀ ਵਾਲੀਆਂ ਬਿਮਾਰੀਆਂ ਦਾ ਖਤਰਾ ਰਹਿੰਦਾ ਹੈ। |
| ਸ਼ਕਰਕੰਦੀ | ਕਟਿੰਗ ਦੀ ਬਿਜਾਈ ਵੱਤਰ ਵਿਚ ਕਰਨੀ ਚਾਹੀਦੀ ਹੈ ਅਤੇ ਬਾਅਦ ਵਾਲੇ ਪਾਣੀ ਬਿਜਾਈ ਤੋਂ ਦੋ ਹਫਤੇ ਦੇ ਵਕਫੇ ਤੇ ਲਗਾਉਣੇ ਚਾਹੀਦੇ ਹਨ। |

# ਹਰੇ ਚਾਰੇ ਲਈ ਕਾਸ਼ਤ ਦੇ ਢੰਗ

ਵਿਵੇਕ ਕੁਮਾਰ ਅਤੇ ਵਜਿੰਦਰ ਪਾਲ, ਫਾਰਮ ਸਲਾਹਕਾਰ ਸੇਵਾ ਕੇਂਦਰ, ਬਰਨਾਲਾ

ਪੰਜਾਬ ਵਿੱਚ ਪਸ਼ੂ ਪਾਲਣ ਦਾ ਧੰਦਾ ਸਹਾਇਕ ਧੰਦਿਆਂ ਵਿੱਚ ਸਭ ਤੋਂ ਪ੍ਰਮੁੱਖ ਹੈ। ਇਸ ਕਿੱਤੇ ਵਿੱਚ ਸਭ ਤੋਂ ਵੱਧ ਮਹੱਤਤਾ ਹਰੇ ਚਾਰੇ ਦੀ ਹੁੰਦੀ ਹੈ। ਹਰੇ ਚਾਰੇ ਦੁਧਾਰੂ ਪਸ਼ੂਆਂ ਲਈ ਦਾਣੇ ਦੇ ਮੁਕਾਬਲੇ ਸਸਤੇ ਸ੍ਰੋਤ ਉਪਲੱਬਧ ਕਰਵਾਉਂਦੇ ਹਨ। ਇਕ ਰਿਪੋਰਟ ਮੁਤਾਬਕ ਇਕ ਪਸ਼ੂ ਨੂੰ ਤਕਰੀਬਨ 40-50 ਕਿਲੋ ਹਰਾ ਚਾਰਾ ਪ੍ਰਤੀ ਦਿਨ ਚਾਹੀਦਾ ਹੈ। ਜਦੋਂ ਕਿ ਪੰਜਾਬ ਵਿੱਚ ਇਸ ਦੀ ਉਪਲੱਬਧਤਾ 30-32 ਕਿਲੋਂ ਪ੍ਰਤੀ ਦਿਨ ਹੈ। ਇਸ ਲਈ ਹਰੇ ਚਾਰੇ ਦੀ ਮੰਗ ਨੂੰ ਪੂਰਾ ਕਰਨ ਲਈ ਇਸ ਦੀ ਪੈਦਾਵਾਰ ਵਧਾਉਣ ਦੀ ਜ਼ਰੂਰਤ ਹੈ। ਸਾਉਣੀ ਰੁੱਤ ਦੇ ਹਰੇ ਚਾਰੇ ਵਾਲੀਆਂ ਫਸਲਾਂ ਦਾ ਝਾੜ ਵਧਾਉਣ ਲਈ ਹੇਠ ਦੱਸੇ ਗਏ ਨੁਕਤਿਆਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

**ਕਾਸ਼ਤ ਦਾ ਢੰਗ**

**ਮੱਕੀ** : ਮੱਕੀ ਦੀ ਬਿਜਾਈ ਅੱਧ ਸਤੰਬਰ ਤੱਕ 30 ਕਿਲੋ ਬੀਜ ਪ੍ਰਤੀ ਏਕੜ ਵਰਤ ਕੇ 30 ਸੈਂਟੀਮੀਟਰ ਵਿੱਥ



ਦੀਆਂ ਕਤਾਰਾਂ ਵਿੱਚ ਕਰਨੀ ਚਾਹੀਦੀ ਹੈ। ਖੇਤ ਤਿਆਰ ਕਰਨ ਤੋਂ ਪਹਿਲਾਂ 10 ਟਨ ਰੂੜੀ ਦੀ ਖਾਦ ਪਾਉਣੀ ਬਹੁਤ ਲਾਹੇਵੰਦ ਹੈ। ਜੇਕਰ ਮੱਕੀ ਅਤੇ ਰਵਾਂਹ ਰਲਾ ਕੇ ਬੀਜਣੇ ਹੋਣ ਤਾਂ ਮੱਕੀ ਅਤੇ ਰਵਾਂਹ-88 ਦਾ ਬੀਜ ਕ੍ਰਮਵਾਰ 15-15 ਕਿਲੋ ਅਤੇ ਮੱਕੀ ਅਤੇ ਰਵਾਂਹ-367 ਦਾ ਬੀਜ ਕ੍ਰਮਵਾਰ 15 ਅਤੇ 6 ਕਿਲੋ ਪ੍ਰਤੀ ਏਕੜ ਪਾਉਣਾ ਚਾਹੀਦਾ ਹੈ। ਬਿਜਾਈ ਸਮੇਂ 55 ਕਿਲੋ ਯੂਰੀਆ ਅਤੇ 150 ਕਿਲੋ ਸਿੰਗਲ ਸੁਪਰ ਫਾਸਫੇਟ ਅਤੇ ਬਿਜਾਈ ਤੋਂ 3-4 ਹਫਤੇ ਬਾਅਦ 55 ਕਿਲੋ ਯੂਰੀਆ ਪਾਉਣੀ ਚਾਹੀਦੀ ਹੈ। ਗਰਮ ਰੁੱਤ ਦੀ ਫਸਲ ਨੂੰ 4-5 ਜਦੋਂ ਕਿ ਬਰਸਾਤ ਵਾਲੇ ਮੌਸਮ ਵਿੱਚ ਬਾਰਿਸ਼ ਨੂੰ ਧਿਆਨ ਰੱਖਦੇ ਹੋਏ ਪਾਣੀ ਲਾਉਣੇ ਚਾਹੀਦੇ ਹਨ। ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ 10 ਦਿਨਾਂ ਦੇ 500-800 ਗ੍ਰਾਮ ਐਟਰਾਟਾਫ 50 ਡਬਲਿਯੂ ਪੀ (ਐਟਰਾਜ਼ੀਨ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ ਹੈ।

**ਬਾਜਰਾ** : ਬਾਜਰੇ ਦੀ ਬਿਜਾਈ ਮਾਰਚ ਤੋਂ ਅਗਸਤ ਤੱਕ 6-8 ਕਿਲੋ ਬੀਜ ਪ੍ਰਤੀ ਏਕੜ ਵਰਤਦੇ ਹੋਏ, ਸੇਂਜੂ ਇਲਾਕਿਆਂ ਵਿੱਚ ਛੱਟੇ ਨਾਲ ਅਤੇ ਬਾਰਾਨੀ ਇਲਾਕਿਆਂ ਵਿੱਚ 22 ਸੈਂਟੀਮੀਟਰ ਦੀਆਂ ਕਤਾਰਾਂ ਵਿੱਚ ਕਰਨੀ ਚਾਹੀਦੀ ਹੈ। ਖੇਤ ਤਿਆਰ ਕਰਨ ਤੋਂ ਪਹਿਲਾਂ 10 ਟਨ ਰੂੜੀ ਦੀ ਖਾਦ ਪ੍ਰਤੀ ਏਕੜ ਪਾਉਣੀ



ਲਾਹੇਵੰਦ ਹੈ। 22 ਕਿਲੋ ਯੂਰੀਆ ਬਿਜਾਈ ਸਮੇਂ ਅਤੇ 22 ਕਿਲੋ ਬਿਜਾਈ ਤੋਂ 3 ਹਫਤੇ ਪਿਛੋਂ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉਣੀ ਚਾਹੀਦੀ ਹੈ। ਆਮ ਤੌਰ 'ਤੇ ਫਸਲ ਨੂੰ 2-3 ਪਾਣੀ ਕਾਫੀ ਹੁੰਦੇ ਹਨ ਪਰ ਜ਼ਿਆਦਾ ਗਰਮੀ ਹੋਣ 'ਤੇ ਵਧੇਰੇ ਅਤੇ ਹਲਕੇ ਪਾਣੀ ਲਾਉਣੇ ਚਾਹੀਦੇ ਹਨ।

**ਜੁਆਰ** : ਐਸ ਐਲ-44 ਕਿਸਮ ਲਈ ਬਿਜਾਈ ਦਾ ਸਹੀ ਸਮਾਂ ਅੱਧ ਜੂਨ ਤੋਂ ਅੱਧ ਜੁਲਾਈ ਹੈ। ਵਧੇਰੇ ਲੌਅ ਦੇਣ ਵਾਲੀਆਂ ਦੋਗਲੀਆਂ ਕਿਸਮਾਂ ਨੂੰ ਮਈ ਦੇ ਅੰਤ ਤੱਕ ਬੀਜਣਾ ਚਾਹੀਦਾ ਹੈ। ਐਸ ਐਲ-44 ਦਾ 20-25 ਕਿਲੋ ਅਤੇ ਦੋਗਲੀ ਚਰ੍ਹੀ ਦਾ 15 ਕਿਲੋ ਬੀਜ ਪ੍ਰਤੀ ਏਕੜ ਵਰਤਦੇ ਹੋਏ ਕ੍ਰਮਵਾਰ 22 ਅਤੇ 30 ਸੈਂਟੀਮੀਟਰ ਵਿੱਥ ਵਾਲੀਆਂ ਕਤਾਰਾਂ ਵਿੱਚ ਬੀਜਣਾ ਚਾਹੀਦਾ ਹੈ । ਬਾਰਾਨੀ ਇਲਾਕਿਆਂ ਵਿੱਚ ਬਿਜਾਈ ਸਮੇਂ 44 ਕਿਲੋ ਯੂਰੀਆ ਜਦੋਂ ਕਿ ਸੇਂਜੂ ਇਲਾਕਿਆਂ ਵਿੱਚ ਬਿਜਾਈ ਸਮੇਂ 44 ਕਿਲੋ ਯੂਰੀਆ ਦੇ ਨਾਲ 50 ਕਿਲੋ ਸਿੰਗਲ ਸੁਪਰਫਾਸਫੇਟ ਬਿਜਾਈ ਸਮੇਂ ਅਤੇ 44 ਕਿਲੋ ਯੂਰੀਆ ਇਕ ਮਹਿਨੇ ਬਾਅਦ ਪਾਉਣੀ ਚਾਹੀਦੀ ਹੈ।

**ਦੋਗਲਾ ਨੇਪੀਅਰ ਬਾਜਰਾ** : ਇਸ ਦੀਆਂ 11000 ਜੜ੍ਹਾਂ ਜਾਂ ਕਲਮਾਂ (30 ਸੈਂਟੀਮੀਟਰ ਲੰਬੀਆਂ ਜੜ੍ਹਾਂ ਜਾਂ 2-3 ਗੰਢਾਂ ਵਾਲੀਆਂ ਕਲਮਾਂ) ਨੂੰ ਅੱਜਕੱਲ੍ਹ ਲਾਇਆ ਜਾ ਸਕਦਾ ਹੈ। ਬੀਜਣ ਸਮੇਂ ਜੜ੍ਹਾਂ ਦਾ ਥੋੜ੍ਹਾ ਜਿਹਾ ਉਪਰਲਾ ਹਿੱਸਾ ਜ਼ਮੀਨ ਤੋਂ ਬਾਹਰ ਰੱਖਣਾ ਚਾਹੀਦਾ ਹੈ, ਪਰ ਕਲਮਾਂ ਕਮਾਦ ਵਾਂਗ 7 ਤੋਂ 8 ਸੈਂਟੀਮੀਟਰ ਡੂੰਘੀਆਂ ਬੀਜੀਆਂ ਜਾਂਦੀਆਂ ਹਨ। ਨਦੀਨਾਂ 'ਤੇ ਕਾਬੂ ਪਾਉਣ ਲਈ 21 ਅਤੇ 42 ਦਿਨਾਂ ਬਾਅਦ ਦੋ ਗੋਡੀਆਂ ਕਰਨੀਆਂ ਚਾਹੀਦੀਆਂ ਹਨ । ਦੋਗਲੇ ਨੇਪੀਅਰ ਬਾਜਰੇ ਨੂੰ ਬੀਜਣ ਤੋਂ ਪਹਿਲਾਂ 20 ਟਨ ਰੂੜੀ ਦੀ ਖਾਦ ਪਾਉਣਾ ਲਾਹੇਵੰਦ ਹੈ। ਇਸ ਤੋਂ ਇਲਾਵਾ, 66 ਕਿੱਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਬੀਜਣ ਤੋਂ 15 ਦਿਨ ਬਅਦ ਅਤੇ ਹਰ ਕਟਾਈ ਤੋਂ ਪਿਛੋਂ ਪਾਉਣੀ ਚਾਹੀਦੀ ਹੈ। 240 ਕਿਲੋ ਸੁਪਰਫਾਸਫੇਟ ਨੂੰ ਦੋ ਕਿਸ਼ਤਾਂ, ਪਹਿਲੀ ਬਹਾਰ ਰੁੱਤ ਅਤੇ ਦੂਜੀ ਬਾਰਿਸ਼ਾਂ ਵਿੱਚ, ਹਰੇਕ ਸਾਲ ਪਾਉਣਾ ਚਾਹੀਦਾ ਹੈ।

**ਗਿੰਨੀ ਘਾਹ** : ਇਸ ਦਾ 6-8 ਕਿਲੋ ਬੀਜ ਪ੍ਰਤੀ ਏਕੜ 25 ਸੈਂਟੀਮੀਟਰ ਵਿੱਥ 'ਤੇ ਸਿਆੜਾਂ ਵਿੱਚ ਜਾਂ ਛੱਟੇ ਨਾਲ ਬੀਜਿਆ ਜਾ ਸਕਦਾ ਹੈ। ਖੇਤ ਤਿਆਰ ਕਰਨ ਤੋਂ ਪਹਿਲਾਂ 20 ਟਨ ਰੂੜੀ ਦੀ ਖਾਦ ਪਾਉਣੀ ਲਾਹੇਵੰਦ ਹੈ। ਇਸ ਤੋਂ ਇਲਾਵਾ, 44 ਕਿਲੋ ਯੂਰੀਆ ਬਿਜਾਈ ਤੋਂ 20 ਦਿਨਾਂ ਬਾਅਦ, 22 ਕਿਲੋ ਯੂਰੀਆ 35 ਦਿਨਾਂ ਬਾਅਦ ਅਤੇ 66 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਹਰ ਕਟਾਈ ਤੋਂ ਬਾਅਦ ਪਹਿਲੇ ਪਾਣੀ ਨਾਲ ਪਾਉਣੀ ਚਾਹੀਦੀ ਹੈ।

**ਗੁਆਰਾ** : ਗੁਆਰੇ ਦੀ ਬਿਜਾਈ ਮਈ ਤੋਂ ਅੱਧ ਅਗਸਤ ਤੱਕ 18-20 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤ ਕੇ 30 ਸੈਂਟੀਮੀਟਰ ਵਿੱਥ ਦੀਆਂ ਕਤਾਰਾਂ ਵਿੱਚ ਕਰਨੀ ਚਾਹੀਦੀ ਹੈ। ਸੇਂਜੂ ਜ਼ਮੀਨ ਵਿੱਚ ਬਿਜਾਈ ਤੋਂ ਪਹਿਲਾਂ 20 ਕਿਲੋ ਯੂਰੀਆ ਅਤੇ 150 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉਣੀ ਚਾਹੀਦੀ ਹੈ।

**ਰਵਾਂਹ** : ਰਵਾਂਹ-88 ਦਾ 20-25 ਕਿਲੋ ਅਤੇ ਰਵਾਂਹ-367 ਦਾ 12 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉਂਦੇ ਹੋਏ ਬਿਜਾਈ 30 ਸੈਂਟੀਮੀਟਰ ਵਿੱਥ ਦੀਆਂ ਕਤਾਰਾਂ ਵਿੱਚ ਅੱਧ ਜੁਲਾਈ ਤੱਕ ਕਰਨੀ ਚਾਹੀਦੀ ਹੈ।

---

ਜਗਦੀਸ਼ ਬਹਾਦਰਪੁਰੀ,
ਪਿੰਡ ਤੇ ਡਾਕ. ਬਹਾਦਰਪੁਰ,
ਤਹਿਸੀਲ ਤੇ ਜ਼ਿਲ੍ਹਾ
ਸੰਗਰੂਰ-148001
ਮੋ. 94639-85934



## ਇਹ ਵੀ ਮੇਰਾ ਪੰਜਾਬ ਹੈ ਯਾਰੋ!

ਸੁਬਹ ਇੱਥੇ ਹੁਣ ਸ਼ੋਰ ਭਰੀ ਹੈ। ਪੰਛੀਆਂ ਦੀ ਆਵਾਜ਼ ਨਹੀਂ ਹੈ ॥
ਸ਼ਾਂਤ ਹਵਾ ਨਾ ਨਿਰਮਲ ਪਾਣੀ। ਧੂੜ, ਧੂੰਏਂ, ਗੰਦ ਚਾਦਰ ਤਾਣੀ ॥
ਭੱਜ ਦੌੜ ਦਾ ਰਾਜ ਹੈ ਯਾਰੋ। ਇਹ ਵੀ ਮੇਰਾ ਪੰਜਾਬ ਹੈ ਯਾਰੋ ॥

ਰਿਸ਼ਤਿਆਂ ਵਿੱਚੋਂ ਮੁਹੱਬਤ ਗੁੰਮ ਹੈ। ਛੋਟਿਆਂ ਵਿੱਚੋਂ ਇੱਜ਼ਤ ਗੁੰਮ ਹੈ ॥
ਔਰਤ ਲਈ ਸ਼ਰਾਫਤ ਗੁੰਮ ਹੈ। ਸੱਚ ਕਹਿਣ ਦੀ ਜੁਰਅਤ ਗੁੰਮ ਹੈ ॥
ਹਰ ਕੋਈ ਉਂਝ ਨਵਾਬ ਹੈ ਯਾਰੋ। ਇਹ ਵੀ ਮੇਰਾ ਪੰਜਾਬ ਹੈ ਯਾਰੋ ॥

ਦੁੱਧ, ਲੱਸੀ, ਚੰਗਿਆਈ ਗੁੰਮ ਹੈ। ਸ਼ੋਰ ਬਹੁਤ ਤਨਹਾਈ ਗੁੰਮ ਹੈ ॥
ਦੁਖੀਆਂ ਦੀ ਸੁਣਵਾਈ ਗੁੰਮ ਹੈ। ਗੁੱਸਾ ਹੈ ਨਰਮਾਈ ਗੁੰਮ ਹੈ ॥
ਕੈਸਾ ਇਹ ਅਜਾਬ ਹੈ ਯਾਰੋ। ਇਹ ਵੀ ਮੇਰਾ ਪੰਜਾਬ ਹੈ ਯਾਰੋ ॥

ਨੇਤਾ, ਪੁਲਿਸ ਮਿਲੇ ਅਪਰਾਧੀ। ਨਿਆਂਪਾਲਿਕਾ ਹੈ ਘੁਣ ਖਾਧੀ ॥
ਨਸ਼ਿਆਂ ਵਿਚ ਗਲਤਾਨ ਜਵਾਨੀ। ਮੌਤ ਵਿੱਚੋਂ ਲੱਭਦੀ ਜਿੰਦਗਾਨੀ ॥
ਹਾਲਤ ਬੜੀ ਖਰਾਬ ਹੈ ਯਾਰੋ। ਇਹ ਵੀ ਮੇਰਾ ਪੰਜਾਬ ਹੈ ਯਾਰੋ ॥

ਵੱਲ ਵਿਦੇਸ਼ਾਂ ਬੰਨ੍ਹ-ਬੰਨ੍ਹ ਡਾਰਾਂ। ਉੱਡੇ ਜਾਣ ਗੱਭਰੂ, ਮੁਟਿਆਰਾਂ ॥
ਆਸਾਂ ਨੇ ਜਦ ਬੂਹਾ ਢੋਇਆ। ਆਪਣਾ ਦੇਸ਼ ਬੇਗਾਨਾ ਹੋਇਆ ॥
ਮੰਗਦਾ ਵਕਤ ਜਵਾਬ ਹੈ ਯਾਰੋ। ਇਹ ਵੀ ਮੇਰਾ ਪੰਜਾਬ ਹੈ ਯਾਰੋ ॥

ਰਹਿਬਰੋ, ਸੰਤੋ, ਸਿਆਸਤਦਾਨੋ, ਸੂਝਵਾਨ, ਦਰਦੀ, ਵਿਦਵਾਨੋ ॥
ਇਲਮ, ਅਕਲ, ਮੂੰਹਜ਼ੋਰ ਜਵਾਨੀ। ਇਉਂ ਪਰਦੇਸੀਂ ਜੇ ਤੁਰ ਜਾਣੀ ॥
ਜਗਦੀਸ਼! 'ਡਰਾਉਣਾ' ਖਾਬ ਹੈ ਯਾਰੋ। ਇਹ ਵੀ ਮੇਰਾ ਪੰਜਾਬ ਹੈ ਯਾਰੋ ॥

---

### ਤਿੰਨ ਮਹੀਨਿਆਂ ਦੀ ਫ਼ਸਲ, ਵਧੇਰੇ ਮਿਠਾਸ ਦੇ ਨਾਲ ਪਾਈਨ ਐਪਲ ਦਾ ਵੀ ਸਵਾਦ

# ਤਾਇਵਾਨੀ ਤਰਬੂਜ਼ ਮੁਨਾਫੇ ਦੀ ਖੇਤੀ

ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਹੁਣ ਤੱਕ ਕਿਸਾਨ ਦੇਸੀ ਤਰਬੂਜ਼ ਦੀ ਖੇਤੀ ਕਰਦੇ ਸਨ, ਪਰੰਤੂ ਬਾਗਬਾਨੀ ਵਿਭਾਗ ਵੱਲੋਂ ਫਲ ਅਤੇ ਸਬਜ਼ੀਆਂ 'ਤੇ ਸਬਸਿਡੀ ਉਪਲੱਬਧ ਕਰਵਾਉਣ ਨਾਲ ਉਤਸ਼ਾਹਿਤ ਹੋ ਕੇ ਕੰਡੀ ਇਲਾਕੇ ਦੇ ਕਿਸਾਨ ਪਿਛਲੇ ਸਾਲ ਟਰਾਇਲ ਤੋਂ ਬਾਅਦ ਇਸ ਸਾਲ ਵੀ ਤਾਇਵਾਨੀ ਤਰਬੂਜ਼ ਦੀ ਖੇਤੀ ਕਰ ਰਹੇ ਹਨ। ਤਾਇਵਾਨੀ ਤਰਬੂਜ਼ ਵਿੱਚ ਵਧੇਰੇ ਮਿਠਾਸ ਹੋਣ ਦੇ ਕਾਰਨ ਬਾਜ਼ਾਰ ਵਿੱਚ ਇਸ ਦੇ ਨਾ ਸਿਰਫ ਮਨਪਸੰਦ ਭਾਅ ਮਿਲ ਰਹੇ ਹਨ, ਬਲਕਿ ਇਨ੍ਹਾਂ ਦੀ ਮੰਗ ਦਿੱਲੀ, ਹਰਿਆਣਾ, ਪੰਜਾਬ ਤੋਂ ਇਲਾਵਾ ਯੂ.ਪੀ. ਅਤੇ ਰਾਜਸਥਾਨ ਤੱਕ ਦੀਆਂ ਮੰਡੀਆਂ ਵਿੱਚ ਵੱਧਣ ਲੱਗੀ ਹੈ। ਇਸ ਦੇ ਨਾਲ ਹੀ ਕੰਡੀ ਖੇਤਰ ਦੇ ਕਿਸਾਨਾਂ ਦੇ ਜੀਵਨ ਵਿੱਚ ਮਿਠਾਸ ਘੁੱਲਣ ਲੱਗੀ ਹੈ।

ਜ਼ਿਲ੍ਹੇ ਦੇ ਕੰਗਮਾਈ ਦੇ ਕਿਸਾਨ ਜੈਪਾਲ ਅਨੁਸਾਰ, ਪਿਛਲੇ ਸਾਲ ਦੇ ਮੁਕਾਬਲੇ ਉਸਨੇ ਇਸ ਵਾਰ ਕਰੀਬ 2 ਏਕੜ ਵਿੱਚ ਤਾਇਵਾਨੀ ਤਰਬੂਜ਼ ਦੀ ਖੇਤੀ ਕੀਤੀ। ਤਾਇਵਾਨ ਦੇ ਤਰਬੂਜ਼ ਅਤੇ ਖਰਬੂਜ਼ੇ ਦੀ ਮਿਠਾਸ ਅਤੇ ਸਵਾਦ ਨੇ ਸਾਰੇ ਫਲਾਂ ਨੂੰ ਪਿੱਛੇ ਛੱਡ ਦਿੱਤਾ ਹੈ। ਤਾਇਵਾਨ ਦਾ ਆਰੋਹੀ ਤਰਬੂਜ਼ ਅੰਦਰ ਤੋਂ ਪੀਲਾ ਹੈ, ਸਵਾਦ ਵਿੱਚ ਅੰਨਾਨਾਸ ਵਰਗਾ ਹੈ। ਉੱਨਤ ਤਰਬੂਜ਼ ਅੰਦਰ ਤੋਂ ਲਾਲ ਅਤੇ ਮਿੱਠਾ ਹੈ। ਮ੍ਰਿਦੁਲਾ ਖਰਬੂਜਾ ਅੰਦਰ ਤੋਂ ਪੀਲਾ, ਬਾਹਰ ਤੋਂ ਜਾਲੀਦਾਰ ਹੈ ਅਤੇ ਇਹ ਪੂਰਬੀ ਤੇ ਪੱਛਮੀ ਹਵਾਵਾਂ ਵਿੱਚ ਮਿੱਠਾ ਰਹਿੰਦਾ ਹੈ। ਤਾਇਵਾਨ ਦੇ ਤਰਬੂਜ਼ ਅਤੇ ਖਰਬੂਜ਼ੇ ਦੀ ਫ਼ਸਲ 30 ਦਿਨਾਂ ਦੀ ਹੈ। ਇੱਕ ਏਕੜ ਵਿੱਚ ਕਰੀਬ 20 ਹਜ਼ਾਰ ਰੁਪਏ ਲਾਗਤ ਆਉਂਦੀ ਹੈ। ਇਸ ਵਿੱਚ ਪੌਦ ਤਿਆਰ ਕਰਨ, ਪਾਣੀ ਲਗਾਉਣ, ਫਲ ਤੁੜਾਈ ਵਿੱਚ ਮਜ਼ਦੂਰੀ ਦੀ ਲਾਗਤ



ਸ਼ਾਮਿਲ ਹੈ। ਆਮ ਤਰਬੂਜ਼ ਅਤੇ ਖਰਬੂਜਾ 7 ਤੋਂ 10 ਰੁਪਏ ਪ੍ਰਤੀ ਕਿਲੋ ਮੰਡੀਆਂ ਵਿੱਚ ਮਿਲ ਜਾਂਦਾ ਹੈ। ਪਰੰਤੂ ਤਾਇਵਾਨ ਦਾ ਤਰਬੂਜ਼ ਅਤੇ ਖਰਬੂਜਾ ਘੱਟ ਤੋਂ ਘੱਟ 15 ਤੋਂ 20 ਰੁਪਏ ਤੋਂ ਲੈ ਕੇ 40-50 ਰੁਪਏ ਕਿਲੋ ਤੱਕ ਵਿਕਦਾ ਹੈ। ਫ਼ਸਲ ਦਾ ਕੀੜਿਆਂ ਤੋਂ ਬਚਾਅ ਯੰਤਰ ਲਗਾਏ ਹਨ। ਇਹ ਫ਼ਸਲ ਘੱਟ ਲਾਗਤ ਵਿੱਚ ਚੰਗਾ ਪੈਸਾ ਦੇ ਰਹੀ ਹੈ।

ਬਾਗਬਾਨੀ ਵਿਭਾਗ ਕੰਗਮਾਈ ਵਿੱਚ ਤੈਨਾਤ ਅਸਿਸਟੈਂਟ ਡਾਇਰੈਕਟਰ ਡਾ. ਜਸਪਾਲ ਸਿੰਘ ਅਤੇ ਐਕਸਪਰਟ ਡਾ. ਲਖਬੀਰ ਸਿੰਘ ਨੇ ਦੱਸਿਆ ਕਿ ਤਾਇਵਾਨੀ ਤਰਬੂਜ਼ ਅਤੇ ਖਰਬੂਜ਼ੇ ਦੀ ਅਗੇਤੀ ਪ੍ਰਜਾਤੀ ਦੇ ਬੀਜ ਦੀ ਹਾਈਟੈਕ ਨਰਸਰੀ ਵਿੱਚ ਪੌਦ ਤਿਆਰ ਹੁੰਦੀ ਹੈ। ਦਸੰਬਰ ਤੋਂ ਜਨਵਰੀ ਵਿੱਚ ਖਰਬੂਜਾ ਅਤੇ ਤਰਬੂਜ਼ ਦੀ ਰੋਪਾਈ ਹੁੰਦੀ ਹੈ। 90 ਦਿਨਾਂ ਵਿੱਚ ਅਪ੍ਰੈਲ ਵਿੱਚ ਫ਼ਸਲ ਤਿਆਰ ਹੁੰਦੀ ਹੈ। ਤਾਇਵਾਨ ਪ੍ਰਜਾਤੀ ਦੇ ਖਰਬੂਜਾ ਅਤੇ ਤਰਬੂਜ਼ ਵੱਲ ਜ਼ਿਲ੍ਹੇ ਦੇ ਕਿਸਾਨ ਆਕਰਸ਼ਿਤ ਹੋ ਕੇ ਫ਼ਸਲ ਵਿੱਚ ਮੁਨਾਫਾ ਕਮਾ ਰਹੇ ਹਨ। ਤਾਇਵਾਨੀ ਪ੍ਰਜਾਤੀ ਦੇਸੀ ਵੈਰਾਇਟੀ ਤੋਂ ਚੰਗੀ ਅਤੇ ਸਵਾਦਿਸ਼ਟ ਹੈ।

ਹੁਸ਼ਿਆਰਪੁਰ ਵਿੱਚ ਯੈਲੋ ਤਰਬੂਜ਼ ਦੀ ਖੇਤੀ ਕਰਨ ਪ੍ਰਤੀ ਕਿਸਾਨਾਂ ਵਿੱਚ ਰੁਝਾਨ ਵਧਿਆ ਹੈ। ਯੈਲੋ ਤਰਬੂਜ਼ ਵਿੱਚ ਲਾਲ ਤਰਬੂਜ਼ ਦੇ ਟੇਸਟ ਦੇ ਨਾਲ ਪਾਈਨ ਐਪਲ ਦਾ ਟੇਸਟ ਵੀ ਆਉਂਦਾ ਹੈ। ਯੈਲੋ ਤਰਬੂਜ਼ ਲਾਲ ਵਾਲੇ ਤੋਂ ਜ਼ਿਆਦਾ ਪਾਣੀ ਦੀ ਪੂਰਤੀ ਕਰਦਾ ਹੈ। ਜੇਕਰ ਕੋਈ ਖਾਣਾ ਨਹੀਂ ਖਾ ਸਕਦਾ ਤਾਂ ਯੈਲੋ ਤਰਬੂਜ਼ ਖਾ ਕੇ ਉਹ ਆਪਣੀ ਭੁੱਖ ਮਿਟਾ ਸਕਦਾ ਹੈ। ਤਾਇਵਾਨੀ ਤਰਬੂਜ਼ 4 ਕਿਲੋ ਤੋਂ 10 ਕਿਲੋ ਵਜ਼ਨੀ ਹੁੰਦੀ ਹੈ।



# ਮੱਕੀ ਦੀ ਫਸਲ ਤੋਂ ਭਰਪੂਰ ਝਾੜ ਕਿਵੇਂ ਲਈਏ

**ਰਮਿੰਦਰ ਸਿੰਘ ਘੁੰਮਣ ਅਤੇ ਮਹੇਸ਼ ਕੁਮਾਰ,**
**ਫਾਰਮ ਸਲਾਹਕਾਰ ਸੇਵਾ ਕੇਂਦਰ, ਰੋਪੜ** (ਮੋ. 98885-21200)

ਮੱਕੀ ਪੰਜਾਬ ਦੇ 105.2 ਹਜ਼ਾਰ ਹੈਕਟੇਅਰ ਰਕਬੇ ਤੇ ਕਾਬਜ, ਝੋਨੇ ਅਤੇ ਕਣਕ ਤੋਂ ਬਾਅਦ ਤੀਜੀ ਪ੍ਰਮੁੱਖ ਫਸਲ ਹੈ। ਇਸ ਨੂੰ ਫੀਡ, ਭੋਜਨ ਅਤੇਚਾਰੇ ਤੋਂ ਇਲਾਵਾ ਉਦਯੋਗਿਕ ਵਸਤਾਂ ਜਿਵੇਂ ਕਿ ਸਟਾਰਚ, ਤੇਲ, ਪ੍ਰੋਟੀਨ, ਦਵਾਈਆਂ ਅਤੇ ਪੇਪਰ ਤਿਆਰ ਕਰਨ ਲਈ ਵਰਤਿਆ ਜਾਂਦਾ ਹੈ। ਮੱਕੀ ਨੂੰ ਪੰਜਾਬ ਵਿਚ ਮੁੱਖ ਤੌਰ ਤੇ ਚਾਰੇ ਅਤੇ ਅਨਾਜ ਲਈ ਵਰਤਿਆ ਜਾਂਦਾ ਹੈ। ਪੰਜਾਬ ਵਿਚ ਝੋਨੇ ਹੇਠੋਂ ਰਕਬਾ ਘਟਾਉਣ ਲਈ ਮੱਕੀ ਇਕ ਲਾਹੇਵੰਦ ਫਸਲ ਹੈ। ਝੋਨੇ ਹੇਠੋਂ ਤਾਂ ਹਰ ਹਾਲਤ ਇਹ ਕਟੌਤੀ ਇਸ ਲਈ ਵੀ ਜ਼ਰੂਰੀ ਹੈ ਕਿ ਪਾਣੀ ਦਾ ਪੱਧਰ ਦਿਨੋਂ ਦਿਨ ਬੜੀ ਤੇਜ਼ੀ ਨਾਲ ਥੱਲੇ ਜਾ ਰਿਹਾ ਹੈ। ਇਸ ਤੋਂ ਇਲਾਵਾ ਜ਼ਮੀਨ ਦੀ ਸਿਹਤ ਵਿਚ ਨਿਘਾਰ ਅਤੇ ਵਾਤਾਵਰਨ ਵਿਚ ਵੀ ਆ ਰਿਹਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਮੱਕੀ ਦੀਆਂ ਥੋੜੇ ਸਮੇਂ ਅਤੇ ਜ਼ਿਆਦਾ ਸਮੇਂ ਵਿਚ ਪੱਕਣ ਵਾਲੀਆਂ ਦੋਗਲੀਆਂ ਕਿਸਮਾਂ ਤਿਆਰ ਕਰਨ ਦਾ ਉਪਰਾਲਾ ਕੀਤਾ ਗਿਆ ਹੈ ਅਤੇ ਨਾਲ ਹੀ ਇਨ੍ਹਾਂ ਦੇ ਢੁੱਕਵੀਆਂ ਪੈਦਾਵਾਰ ਅਤੇ ਪੌਦ ਸੁਰੱਖਿਆ ਤਕਨੀਕਾਂ ਵਿਕਸਿਤ ਕੀਤੀਆਂ ਗਈਆਂ ਹਨ। ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀਆਂ ਕਿਸਮਾਂ ਅਤੇ ਕਾਸ਼ਤ ਦੇ ਢੰਗਾਂ ਦਾ ਵੇਰਵਾ ਇਸ ਤਰ੍ਹਾਂ ਹੈ। (ਅੰਤਿਕਾ)

**ਅੰਤਿਕਾ : ਸਾਉਣੀ ਵਿਚ ਕਾਸ਼ਤ ਲਈ ਮੱਕੀ ਦੀਆਂ ਕੰਪੋਜ਼ਿਟ ਅਤੇ ਦੋਗਲੀਆਂ ਕਿਸਮਾਂ**

| ਕਿਸਮ ਦਾ ਨਾਂ | ਪੱਕਣ ਲਈ ਸਮਾਂ (ਦਿਨ) | ਔਸਤਨ ਝਾੜ | ਖਾਸ ਬਿਆਨ |
|---|---|---|---|
| **ਲੰਮਾ ਸਮਾਂ ਲੈਣ ਵਾਲੀਆਂ ਕਿਸਮਾਂ** | | | |
| ਪੀ ਐਮ ਐਚ 14 | 98 | 24.8 | ਇਕਹਿਰੀ ਦੋਗਲੀ ਕਿਸਮ ਸੇਂਜੂ ਹਾਲਤਾਂ ਲਈ |
| ਪੀ ਐਮ ਐਚ 13 | 97 | 24.0 | ਇਕਹਿਰੀ ਦੋਗਲੀ ਕਿਸਮ ਸੇਂਜੂ ਹਾਲਤਾਂ ਲਈ |
| ਪੀ ਐਮ ਐਚ 11 | 95 | 22.0 | ਇਕਹਿਰੀ ਦੋਗਲੀ ਕਿਸਮ ਸੇਂਜੂ ਹਾਲਤਾਂ ਲਈ |
| ਪੀ ਐਮ ਐਚ 1 | 95 | 21.0 | ਇਕਹਿਰੀ ਦੋਗਲੀ ਕਿਸਮ ਸੇਂਜੂ ਹਾਲਤਾਂ ਲਈ |
| ਈ ਡੀ ਵੀ 9293 | 97 | 24.5 | ਇਕਹਿਰੀ ਦੋਗਲੀ ਕਿਸਮ ਸੇਂਜੂ ਹਾਲਤਾਂ ਲਈ |
| ਜੇ ਸੀ 12 | 99 | 18.2 | ਕੰਪੋਜ਼ਿਟ ਕਿਸਮ |
| **ਦਰਮਿਆਨਾ ਸਮਾਂ ਲੈਣ ਵਾਲੀਆਂ ਕਿਸਮਾਂ** | | | |
| ਜੇ ਸੀ 4 | 90 | 13.0 | ਕੰਪੋਜ਼ਿਟ ਕਿਸਮ ਸੇਂਜੂ ਹਾਲਤਾਂ ਅਤੇ ਕੰਢੀ ਇਲਾਕੇ ਲਈ, ਜੈਵਿਕ ਖੇਤੀ ਲਈ ਵੀ |
| **ਥੋੜ੍ਹਾ ਸਮਾਂ ਲੈਣ ਵਾਲੀਆਂ ਕਿਸਮਾਂ** | | | |
| ਪੀ ਐਮ ਐਚ 2 | 83 | 18.0 (ਸੇਂਜੂ)<br>16.5 (ਬਰਾਨੀ) | ਇਕਹਿਰੀ ਦੋਗਲੀ ਕਿਸਮ ਸੇਂਜੂ ਅਤੇ ਬਰਾਨੀ ਹਾਲਤਾਂ ਲਈ |
| **ਖਾਸ ਵਰਤੋਂ ਲਈ ਕਿਸਮਾਂ** | | | |
| ਪੰਜਾਬ ਸਵੀਟ ਕੌਰਨ 1 | 95-100 | 50.0 (ਹਰੀਆਂ ਛਲੀਆਂ)<br>13.0 (ਦਾਨਿਆਂ ਦਾ ਝਾੜ) | ਕੰਪੋਜ਼ਿਟ ਕਿਸਮ ਮਿੱਠੀਆਂ ਹਰੀਆਂ ਛੱਲੀਆਂ ਲਈ |
| ਪਰਲ ਪੌਪ ਕੌਰਨ | 88 | 12.0 | ਕੰਪੋਜ਼ਿਟ ਕਿਸਮ ਖਿੱਲਾਂ ਬਣਾਉਣ ਲਈ |
| **ਬੇਬੀ ਕੌਰਨ** | | | |
| ਪੰਜਾਬ ਬੇਬੀ ਕੌਰਨ 1 | 60-65 | 8.4 | ਬੂਰ ਰਹਿਤ, ਦੋਗਲੀ ਕਿਸਮ ਬੇਬੀ ਕੌਰਨ ਲਈ |
| ਪ੍ਰਕਾਸ਼ | 55-60 | 7.0 | ਦੋਗਲੀ ਕਿਸਮ ਬੇਬੀ ਕੌਰਨ ਲਈ |

**ਸਾਉਣੀ ਦੀ ਮੱਕੀ ਤੋਂ ਵਧੇਰੇ ਝਾੜ ਲੈਣ ਵਾਸਤੇ ਹੇਠ ਲਿਖੇ ਉੱਨਤ ਕਾਸ਼ਤ ਦੇ ਢੰਗ ਅਪਣਾਓ :**

**ਬਿਜਾਈ ਦਾ ਸਮਾਂ** : ਸੇਂਜੂ ਹਾਲਤਾਂ ਵਿਚ ਮੱਕੀ ਦੀ ਬਿਜਾਈ ਮਈ ਦੇ ਅਖੀਰਲੇ ਹਫਤੇ ਤੋਂ ਅਖੀਰਲੇ ਹਫਤੇ ਤੋਂ ਅਖੀਰ ਜੂਨ ਤੱਕ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਅਗਲੀ ਫਸਲ ਦੀ ਬਿਜਾਈ ਜਿਵੇਂ ਕਿ ਆਲੂ, ਤੋਰੀਆ, ਕਣਕ ਆਦਿ ਲਈ ਖੇਤ ਸਮੇਂ ਸਿਰ ਖਾਲੀ ਹੋ ਜਾਂਦੇ ਹਨ। ਅਪ੍ਰੈਲ-ਮਈ ਦੀ ਬਿਜਾਈ ਨੂੰ ਪਾਣੀ ਵਧੇਰੇ ਲਾਉਣੇ ਪੈਂਦੇ ਹਨ ਅਤੇ ਸੂਤ ਸੁੱਕਣ ਦਾ ਡਰ ਰਹਿੰਦਾ ਹੈ ਜਿਸ ਕਾਰਨ ਦਾਣੇ ਘੱਟ ਬਣਦੇ ਹਨ। ਸਮੇਂ ਸਿਰ ਬੀਜੀ ਫਸਲ ਤੋਂ ਝਾੜ ਵੀ ਚੰਗਾ ਮਿਲਦਾ ਹੈ ਅਤੇ ਬਾਰਿਸ਼ਾਂ ਵਿਚ ਜ਼ਿਆਦਾ ਪਾਣੀ ਦੇ ਨੁਕਸਾਨ ਤੋਂ ਵੀ ਬਚਿਆ ਜਾ ਸਕਦਾ ਹੈ।

**ਬਿਜਾਈ ਦਾ ਢੰਗ ਅਤੇ ਬੀਜ ਦੀ ਮਾਤਰਾ** : ਸਿਫਾਰਿਸ਼ ਕੀਤੇ ਕਾਸ਼ਤ ਦੇ ਢੰਗ ਅਪਣਾਉਣ ਨਾਲ ਬੂਟਿਆਂ ਦੀ ਪੂਰੀ ਗਿਣਤੀ ਦੇ ਨਾਲ-ਨਾਲ ਬੂਟਿਾਂ ਦਾ ਵਾਧਾ ਵੀ ਜ਼ਿਆਦਾ ਹੁੰਦਾ ਹੈ। ਕਿਸਾਨਾਂ ਦੇ ਖੇਤਾਂ ਵਿੱਚ ਬੂਟਿਆਂ ਦੀ ਘੱਟ ਗਿਣਤੀ ਹੋਣਾ ਘੱਟ ਝਾੜ ਦਾ ਪ੍ਰਮੁੱਖ ਕਾਰਨ ਹੈ। ਬੀਜ ਦੀ ਮਾਤਰਾ ਪਰਲ ਪੌਪ ਕੌਰਨ ਲਈ 7 ਕਿਲੋ ਪ੍ਰਤੀ ਏਕੜ ਅਤੇ ਬਾਕੀ ਕਿਸਮਾਂ ਲਈ 10 ਕਿਲੋ ਪ੍ਰਤੀ ਏਕੜ ਵਰਤੋ। ਜ਼ਿਆਦਾ ਸੰਘਣੀ ਬੀਜੀ ਫਸਲ ਤੇ ਛੱਲੀਆਂ ਨਹੀਂ ਲੱਗਦੀਆਂ ਅਤੇ ਝਾੜ ਤੇ ਵੀ ਮਾੜਾ ਅਸਰ ਪੈਂਦਾ ਹੈ। ਮਈ ਦੇ ਅਖੀਰਲੇ ਹਫਤੇ ਤੋਂ ਅੱਧ ਜੂਨ ਤੱਕ ਮੱਕੀ ਦੀ ਬਿਜਾਈ ਟਰੈਕਟਰ ਵਾਲੀ ਰਿਜਰ ਮਸ਼ੀਨ ਨਾਲ ਬਣਾਈਆਂ ਖਾਲੀਆਂ ਵਿੱਚ ਕੀਤੀ ਜਾ ਸਕਦੀ ਹੈ ਜਿਸ ਨਾਲ ਖੁਸ਼ਕ ਅਤੇ ਗਰਮ ਮੌਸਮ ਵਿਚ ਪਾਣੀ ਘੱਟ ਅਤੇ ਸੌਖਾ ਲਗਦਾ ਹੈ। ਖਾਲੀਆਂ ਵਿੱਚ ਬੀਜੀ ਮੱਕੀ ਦੀ ਫਸਲ ਬਹੁਤ ਘੱਟ ਡਿੱਗਦੀ ਹੈ ਅਤੇ ਪੱਧਰੀ ਬਿਜਾਈ ਨਾਲੋਂ ਝਾੜ ਵੀ ਜ਼ਿਆਦਾ ਦਿੰਦੀ ਹੈ। ਛੱਟੇ ਦੀ ਬਿਜਾਈ ਦੇ ਮੁਕਾਬਲੇ ਕਤਾਰਾਂ ਵਿਚ ਕੀਤੀ ਬਿਜਾਈ ਵਧੇਰੇ ਝਾੜ ਦੇਂਦੀ ਹੈ ਅਤੇ ਏਸ ਤੋਂ ਇਲਾਵਾ ਕਤਾਰਾਂ ਵਿਚ ਕੀੜੇ-ਬਿਮਾਰੀ ਦਾ ਸਰਵੇਖਣ ਅਤੇ ਨਦੀਨਾਂ-ਬਿਮਾਰੀਆਂ ਲਈ ਸਪਰੇ ਵੀ ਸੌਖਾ ਹੋ ਜਾਂਦਾ। ਬਿਜਾਈ ਤੇ ਖਰਚਾ ਅਤੇ ਸਮਾਂ ਬਚਾਉਣ ਲਈ ਮੱਕੀ ਦੀ ਬਿਜਾਈ ਜ਼ੀਰੋ ਡਰਿੱਲ ਨਾਲ ਕਣਕ ਦੇ ਖੇਤ ਵਿੱਚ ਬਿਨਾਂ ਵਹਾਈ ਵੀ ਕੀਤੀ ਜਾ ਸਕਦੀ ਹੈ। ਖੇਤ ਦੀ ਪ੍ਰਤੀ ਇਕਾਈ ਵਿੱਚੋਂ ਵੱਧ ਮੁਨਾਫਾ ਲੈਣ ਲਈ ਮੱਕੀ ਦੀਆਂ ਦੋ ਕਤਾਰਾਂ ਵਿਚਕਾਰ ਰਵਾਂਹ ਦੀ ਇਕ ਕਤਾਰ ਬੀਜ ਲਓ ਅਤੇ ਚਾਰੇ ਵਾਸਤੇ 45-55 ਦਿਨਾਂ ਤੇ ਵੱਢ ਲਓ, ਏਸ ਤਰ੍ਹਾਂ ਮੱਕੀ ਦਾ ਝਾੜ ਪੂਰਾ ਅਤੇ ਨਾਲ ਹੀ ਚਾਰਾ ਵਾਧੂ ਹਾਸਿਲ ਹੋਵੇਗਾ। ਬੇਬੀ ਕੌਰਨ ਦੀ ਕਾਸ਼ਤ ਲਈ ਕਤਾਰ ਤੋਂ ਕਤਾਰ ਦਾ ਫਾਸਲਾ 30 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖ ਕੇ 20 ਕਿਲੋ ਪ੍ਰਤੀ ਏਕੜ ਬੀਜ ਨਾਲ ਬਿਜਾਈ ਕਰੋ।

**ਬੈੱਡ ਜਾਂ ਵੱਟਾਂ ਤੇ ਬਿਜਾਈ** : ਬੈੱਡ ਜਾਂ ਵੱਟਾਂ ਤੇ ਬਿਜਾਈ ਨਾਲ ਮੱਕੀ ਦੇ ਉੱਗਣ ਸਮੇਂ ਜ਼ਿਆਦਾ ਬਾਰਿਸ਼ ਨਾਲ ਖੜ੍ਹੇ ਪਾਣੀ ਦੇ ਨੁਕਸਾਨ ਤੋਂ ਬੱਚਤ ਹੋ ਜਾਂਦੀ ਹੈ। ਮੱਕੀ ਦੀ ਬਿਜਾਈ 67.5 ਸੈਂਟੀਮੀਟਰ ਬੈੱਡ ਦੇ ਵਿਚਕਾਰ 3-5 ਸੈਂਟੀਮੀਟਰ ਡੂੰਘਾਈ ਤੇ ਕਰੋ, ਬੂਟੇ ਤੋਂ ਬੂਟੇ ਦਾ ਫਾਸਲਾ 18 ਸੈਂਟੀਮੀਟਰ ਰੱਖੋ ਜਾਂ 60 ਸੈਂਟੀਮੀਟਰ ਦੀ ਵਿੱਥ ਤੇ ਵੱਟਾਂ ਦੇ ਪਾਸੇ ਤੇ 6-7 ਸੈਂਟੀਮੀਟਰ ਦੀ ਉਚਾਈ ਤੇ ਬਿਜਾਈ ਕਰੋ। ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖੋ। ਬੈੱਡ ਬਨਾਉਣ ਲਈ ਕਣਕ ਵਾਲੇ ਬੈੱਡ ਪਲਾਂਟਰ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

**ਖਾਦਾਂ ਦੀ ਵਰਤੋਂ** : ਪੌਸ਼ਟਿਕ ਤੱਤਾਂ ਦਾ ਮੱਕੀ ਦੀਆਂ ਦੋਗਲੀਆਂ ਕਿਸਮਾਂ ਤੇ ਚੰਗਾ ਪ੍ਰਭਾਵ ਪੈਂਦਾ ਹੈ। ਰਸਾਇਣਿਕ ਖਾਦਾਂ ਦੇ ਨਾਲ-ਨਾਲ ਜੈਵਿਕ ਖਾਦਾਂ ਦੀ ਵਰਤੋਂ ਵੀ ਮੱਕੀ ਲਈ ਬਹੁਤ ਲਾਹੇਵੰਦ ਹੈ। ਚੰਗਾ ਝਾੜ ਲੈਣ ਲਈ ਲੰਮੇ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ ਐਮ ਐਚ-13, ਪੀ ਐਮ ਐਚ-11, ਪੀ ਐਮ ਐਚ-1, ਏ ਡੀ ਵੀ 9293, ਜੇ ਸੀ 12 ਅਤੇ ਪੰਜਾਬ ਸਵੀਟ ਕੌਰਨ 1 ਨੂੰ 110 ਕਿਲੋ ਯੂਰੀਆ, 150 ਕਿਲੋ ਸੁਪਰਫਾਸਫੇਟ ਜਾਂ 55 ਕਿਲੋ ਡੀ ਏ ਪੀ ਅਤੇ 20 ਕਿਲੋ ਮਿਊਰੇਟ ਆਫ ਪੋਟਾਸ਼ ਦੀ ਵਰਤੋਂ ਕਰੋ। ਘੱਟ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ ਐਮ ਐਚ-2, ਪ੍ਰਕਾਸ਼, ਜੇ ਸੀ 4 ਅਤੇ ਪਰਲ ਪੌਪ ਕੌਰਨ ਨੂੰ 75 ਕਿਲੋ ਯੂਰੀਆ, 75 ਕਿਲੋ ਸੁਪਰਫਾਸਫੇਟ ਜਾਂ 27 ਕਿਲੋ ਡੀ ਏ ਪੀ ਅਤੇ 15 ਕਿਲੋ ਮਿਊਰੇਟ ਆਫ ਪੋਟਾਸ਼ ਦੀ ਵਰਤੋਂ ਕਰੋ। ਜੇ ਖੇਤ ਵਿਚ ਜ਼ਿੰਕ ਦੀ ਘਾਟ ਹੋਵੇ ਤਾਂ 10 ਕਿਲੋ ਜ਼ਿੰਕ ਸਲਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਜੇਕਰ ਡੀ ਏ ਪੀ 27 ਕਿਲੋ ਅਤੇ 55 ਕਿਲੋ ਪਾਈ ਹੋਵੇ ਤਾਂ ਯੂਰੀਆ 10 ਕਿਲੋ ਅਤੇ 20 ਕਿਲੋ ਕ੍ਰਮਵਾਰ ਘਟਾ ਦਿਉ। ਖਾਦਾਂ ਦੀ ਸਮੇਂ ਸਿਰ ਵਰਤੋਂ ਫਸਲ ਦਾ ਝਾੜ ਵਧਾਉਂਦੀ ਹੈ। ਸਾਰੀ ਫਾਸਫੋਰਸ, ਪੋਟਾਸ਼ ਅਤੇ ਤੀਜਾ ਹਿੱਸਾ ਨਾਈਟ੍ਰੋਜਨ ਵਾਲੀ ਖਾਦ ਬਿਜਾਈ ਸਮੇਂ ਪਾਓ। ਬਾਕੀ ਦੀ ਰਹਿੰਦੀ ਨਾਈਟ੍ਰੋਜਨ ਵਾਲੀ ਖਾਦ ਦੋ ਹਿੱਸਿਆਂ ਵਿਚ ਪਾਓ। ਇਕ ਹਿੱਸਾ ਉਸ ਵੇਲੇ ਜਦ ਫਸਲ ਗੋਡੇ-ਗੋਡੇ ਹੋ ਜਾਵੇ ਅਤੇ ਦੂਸਰਾ ਹਿੱਸਾ ਬੂਰ ਪੈਣ ਤੋ ਪਹਿਲਾਂ ਪਾ ਦਿਓ। ਜੇ ਮੱਕੀ ਨੂੰ 6 ਟਨ ਪ੍ਰਤੀ ਏਕੜ ਤੋਂ ਵੱਧ ਚੰਗੀ ਗਲੀ ਸੜੀ ਹਰ ਸਾਲ ਪਾਈ ਜਾਵੇ ਤਾਂ ਬਿਜਾਈ ਸਮੇਂ ਮੱਕੀ ਨੂੰ ਕਿਸੇ ਖਾਦ ਦੀ ਲੋੜ ਨਹੀਂ ਬੇਬੀ ਕੌਰਨ ਦੀ ਕਾਸ਼ਤ ਲਈ 52 ਕਿਲੋ ਯੂਰੀਆ ਦੋ ਹਿੱਸਿਆਂ ਵਿਚ ਪਾਉ। ਇਕ ਹਿੱਸਾ ਬਿਜਾਈ ਸਮੇਂ ਅਤੇ ਦੂਸਰਾ ਉਸ ਵੇਲੇ ਜਦ ਫਸਲ ਗੋਡੇ-ਗੋਡੇ ਹੋ ਜਾਵੇ।

**ਨਦੀਨਾਂ ਦੀ ਰੋਕਥਾਮ** : ਨਦੀਨ ਮੱਕੀ ਨਾਲ ਬਿਜਾਈ ਤੋਂ ਲੈ ਕੇ ਵੱਢਣ ਤੱਕ ਨਮੀ, ਪੌਸ਼ਟਿਕ ਤੱਤ, ਧੁੱਪ, ਜਗ੍ਹਾਂ ਆਦਿ ਲਈ ਮੁਕਾਬਲਾ ਕਰਦੇ ਹਨ। ਨਦੀਨਾਂ ਦੀ ਰੋਕਥਾਮ ਜੇ ਸਹੀ ਸਮੇਂ ਤੇ ਨਾ ਕੀਤੀ ਜਾਵੇ ਤਾਂ ਫਸਲ ਦੇ ਝਾੜ ਤੇ ਮਾੜਾ ਅਸਰ ਪੈਂਦਾ ਹੈ। ਚੌੜੇ ਪੱਤੇ ਵਾਲੇ ਨਦੀਨਾਂ ਲਈ ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਵਿੱਚ ਐਟਰਾਟਾਫ 50 ਡਬਲਯੂ ਪੀ (ਐਟਰਾਜੀਨ) 800 ਗ੍ਰਾਮ ਪ੍ਰਤੀ ਏਕੜ ਅਤੇ ਹਲਕੀਆਂ ਜ਼ਮੀਨਾਂ ਲਈ 500 ਗ੍ਰਾਮ ਪ੍ਰਤੀ ਏਕੜ ਦਸ ਦਿਨਾਂ ਦੇ ਅੰਦਰ-ਅੰਦਰ 200 ਲਿਟਰ ਪਾਣੀ ਵਿਚ ਘੋਲ ਕੇ ਵਰਤੋ। ਬਿਜਾਈ ਤੋਂ ਬਾਅਦ ਸਭ ਤਰ੍ਹਾਂ ਦੇ ਨਦੀਨਾਂ ਦੀ ਰੋਕਥਾਮ ਲਈ ਲੌਡਿਸ 420 ਐਸ ਸੀ (ਟੈਂਬੋਟਰਾਇਨ) 105 ਮਿਲੀਲਿਟਰ ਪ੍ਰਤੀ ਏਕੜ ਦਾ ਛਿੜਕਾਅ 100 ਲਿਟਰ ਪਾਣੀ ਵਿਚ ਘੋਲ ਕੇ ਬਿਜਾਈ ਤੋਂ 20 ਦਿਨਾਂ ਬਾਅਦ ਕਰੋ। ਡੀਲੇ-ਮੋਥੇ ਦੀ ਰੋਕਥਾਮ ਲਈ 2,4-ਡੀ ਅਮਾਈਨ ਸਾਲਟ 58 ਐਸ ਐਲ, 400 ਮਿ.ਲਿ. ਪ੍ਰਤੀ ਏਕੜ ਬਿਜਾਈ ਤੋਂ 20-25 ਦਿਨ ਬਾਅਦ 150 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ।

**ਸਿੰਚਾਈ** : ਆਮ ਤੌਰ ਤੇ ਮੱਕੀ ਨੂੰ 4-6 ਪਾਣੀਆਂ ਦੀ ਲੋੜ ਹੁੰਦੀ ਹੈ, ਜੋ ਕਿ ਝੋਨੇ ਦੇ 25-30 ਪਾਣੀਆਂ ਮੁਕਾਬਲੇ ਕਾਫੀ ਘੱਟ ਹੈ। ਮੱਕੀ ਦੀ ਫਸਲ ਨੂੰ ਕਿਸੇ ਸਮੇਂ ਵੀ ਪਾਣੀ ਦੀ ਘਾਟ ਨਹੀਂ ਆਉਣ ਦੇਣੀ ਚਾਹੀਦੀ ਖਾਸ ਕਰਕੇ ਨਿੱਸਰਣ ਅਤੇ ਸੂਤ ਕੱਤਣ ਸਮੇਂ।


**ਮੱਕੀ ਦੀ ਕਟਾਈ ਅਤੇ ਦਾਣਿਆਂ ਦੀ ਸਾਂਭ ਸੰਭਾਲ** : ਮੱਕੀ ਦੀ ਕਟਾਈ ਉਸ ਸਮੇਂ ਕਰ ਲਉ ਜਦੋਂ ਛੱਲੀਆਂ ਦੇ ਖੱਗੇ ਸੁੱਕ ਕੇ ਭੂਰੇ ਹੋ ਜਾਣ। ਇਸ ਸਮੇਂ ਟਾਂਡੇ ਅਤੇ ਪੱਤੇ ਕੁਝ ਹਰੇ ਹੀ ਹੁੰਦੇ ਹਨ। ਦਾਣਿਆਂ ਵਿਚ ਸਿੱਲ ਦੀ ਮਾਤਰਾ 15 ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣੀ ਚਾਹੀਦੀ। ਛੱਲੀਆਂ ਦੇ ਪਰਦੇ ਲਾਹੁਣ ਅਤੇ ਦਾਣੇ ਕੱਢਣ ਵਾਲੀ ਮਸ਼ੀਨ ਦੀ ਵਰਤੋਂ ਕੀਤੀ ਜਾ ਸਕਦੀ ਹੈ, ਜਿਸ ਨਾਲ ਪਰਦਿਆਂ ਸਮੇਤ ਛੱਲੀਆਂ 'ਚੋਂ ਦਾਣੇ ਕੱਢੇ ਜਾ ਸਕਦੇ ਹਨ। ਦਾਣਿਆਂ ਨੂੰ ਖੁਸ਼ਕ ਅਤੇ ਠੰਡੀਆਂ ਹਾਲਤਾਂ ਵਿਚ ਸਟੋਰ ਕਰਨਾ ਚਾਹੀਦਾ ਹੈ। ਸੁੱਕੇ ਹੋਏ ਦਾਣਿਆਂ ਦਾ ਮੰਡੀ ਵਿਚ ਚੰਗਾ ਮੁੱਲ ਮਿਲਦਾ ਹੈ।

**ਭਾਵੇਂ ਖੇਤੀਬਾੜੀ ਵਿਭਾਗ ਨੇ ਪੂਸਾ-44 ਕਿਸਮ ਦੇ ਬੀਜ ਦੀ ਵਿਕਰੀ 'ਤੇ ਕਾਸ਼ਤ ਕਰਨ ਨੂੰ ਮਨਾਹੀ ਕੀਤੀ ਹੈ, ਪ੍ਰੰਤੂ ਕਿਸਾਨਾਂ ਕੋਲ ਇਸ ਕਿਸਮ ਦਾ ਆਪਣਾ ਬੀਜ ਰੱਖਿਆ ਹੋਇਆ ਸੀ। ਕੁਝ ਬੀਜ ਵਿਕਰੇਤਾਵਾਂ ਨੇ ਇਹ ਹੁਕਮ ਜਾਰੀ ਹੋਣ ਤੋਂ ਪਹਿਲਾਂ ਇਸ ਕਿਸਮ ਦੇ ਬੀਜ ਦਾ ਜ਼ਖੀਰਾ ਕਰ ਲਿਆ ਸੀ, ਜਿਸ ਵਜੋਂ ਉਸ ਨੇ ਕਿਸਾਨਾਂ ਨੂੰ ਇਸ ਕਿਸਮ ਦਾ ਬੀਜ ਵੇਚ ਦਿੱਤਾ। ਇਸ ਲਈ ਵੀ ਬੰਦੀ ਦੇ ਬਾਵਜੂਦ, ਇਸ ਕਿਸਮ ਦੀ ਬਿਜਾਈ ਕਰਨ ਵਾਲੇ ਇਲਾਕਿਆਂ 'ਚ ਇਸ ਕਿਸਮ ਦੀਆਂ ਪਨੀਰੀਆਂ ਆਮ ਲਗਾਈਆਂ ਗਈਆਂ ਹਨ।**



# ਪੂਸਾ-44 ਨੂੰ ਇਕਦਮ ਅਲਵਿਦਾ ਕਹਿਣਾ ਸੰਭਵ ਨਹੀਂ

ਪੰਜਾਬ ਦੀ ਖਰੀਦ ਮੌਸਮ ਦੀ ਮੁੱਖ ਫਸਲ ਝੋਨਾ ਹੈ, ਜੋ 31 ਲੱਖ ਹੈਕਟੇਅਰ ਤੋਂ ਵੱਧ ਰਕਬੇ 'ਤੇ ਲੱਖ ਹੈਕਟੇਅਰ ਤੋਂ ਵੱਧ ਰਕਬੇ 'ਤੇ ਕਾਸ਼ਤ ਕੀਤੀ ਜਾਂਦੀ ਹੈ। ਇਸ ਦੀ ਬਿਜਾਈ ਲਈ ਪਨੀਰੀਆਂ ਅੱਜਕੱਲ ਲੱਗ ਰਹੀਆਂ ਹਨ। ਇਸ 'ਚੋਂ ਤਕਰੀਬਨ 7 ਲੱਖ ਹੈਕਟੇਅਰ ਰਕਬੇ 'ਤੇ ਬਾਸਮਤੀ ਕਿਸਮਾਂ ਦੀ ਕਾਸ਼ਤ ਕੀਤੇ ਜਾਣ ਦਾ ਅਨੁਮਾਨ ਹੈ। ਉਤਪਾਦਕਾਂ ਨੂੰ ਆਪਣੀ ਜ਼ਮੀਨ, ਵਾਤਾਵਰਨ ਅਤੇ ਬਿਜਾਈ ਦੇ ਸਮੇਂ ਨੂੰ ਮੁੱਖ ਰੱਖਦੇ ਹੋਏ ਵਧੇਰੇ ਉਤਪਾਦਕਤਾ ਦੀ ਪ੍ਰਾਪਤੀ ਲਈ ਯੋਗ ਕਿਸਮ ਦੀ ਚੋਣ ਕਰਨ ਦੀ ਲੋੜ ਹੈ। ਝੋਨੇ ਦੀ ਸਭ ਤੋਂ ਵੱਧ ਝਾੜ ਦੇਣ ਵਾਲੀ ਪੂਸਾ-44 ਕਿਸਮ ਕੇਂਦਰ ਦੀ ਫਸਲਾਂ ਦੀਆਂ ਕਿਸਮਾਂ ਤੇ ਮਿਆਰਾਂ ਨੂੰ ਪ੍ਰਮਾਣਤਾ ਦੇਣ ਵਾਲੀ ਕਮੇਟੀ (ਸੀ.ਵੀ.ਆਰ.ਸੀ.) ਵਲੋਂ ਸੰਨ 1994 'ਚ ਰਿਲੀਜ਼ ਕਰਨ ਲੱਗਿਆ ਇਸ ਦੀ ਬਿਜਾਈ (ਸਣੇ ਪਨੀਰੀ ਦੇ) ਤੋਂ ਪੱਕਣ ਤੱਕ 145 ਦਿਨ ਤੱਕ ਦਾ ਸਮਾਂ ਦੱਸਿਆ ਗਿਆ ਸੀ। ਇਸ ਦੀ ਪਨੀਰੀ ਅੱਧ-ਮਈ ਤੋਂ ਲੱਗਣੀ ਸ਼ੁਰੂ ਹੋ ਗਈ ਤਾਂ ਕਿ ਪੰਜਾਬ ਸਰਕਾਰ ਵਲੋਂ ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ-ਸੁਆਇਲ ਵਾਟਰ ਐਕਟ, 2009 ਥੱਲੇ ਝੋਨਾ ਲਗਾਉਣ ਲਈ ਨਿਯਤ ਕੀਤੀ ਗਈ 15 ਜੂਨ ਦੀ ਮਿਤੀ ਨੂੰ 30 ਦਿਨ ਦੀ ਪਨੀਰੀ ਹੋ ਕੇ ਇਸ ਦੀ ਲੁਆਈ ਹੋ ਸਕੇ। ਉਤਪਾਦਕਾਂ 'ਚੋਂ ਬਹੁਮਤ ਨੇ ਇਸ ਕਿਸਮ ਦੀਆਂ ਪਨੀਰੀਆਂ ਲਗਾ ਲਈਆਂ ਹਨ। ਪੰਜਾਬ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵਲੋਂ ਇਸ ਕਿਸਮ ਦੀ ਬਿਜਾਈ ਬੰਦ ਕਰਨ ਦੇ ਹੁਕਮ ਮੁੱਖ ਖੇਤੀਬਾੜੀ ਅਫਸਰਾਂ ਨਾਲ ਸਾਂਝੇ ਕਰਨ ਤੋਂ ਬਾਅਦ ਇਸ ਕਿਸਮ ਦੇ ਉਤਪਾਦਕਾਂ ਦੀ ਗਿਣਤੀ ਜਿਨ੍ਹਾਂ ਨੇ ਪਨੀਰੀਆਂ ਲਗਾਈਆਂ ਹਨ, ਪਿਛਲੇ ਸਾਲ ਦੇ ਮੁਕਾਬਲੇ ਕਾਫੀ ਘਟੀ ਹੈ। ਪ੍ਰੰਤੂ ਇਸ ਕਿਸਮ ਦੀ ਪਨੀਰੀ ਲਗਾਉਣ ਵਾਲੇ ਉਤਪਾਦਕ ਬਰਨਾਲਾ, ਸੰਗਰੂਰ, ਮੋਗਾ, ਲੁਧਿਆਣਾ, ਜਲੰਧਰ, ਬਠਿੰਡਾ, ਫਰੀਦਕੋਟ, ਪਟਿਆਲਾ, ਮੁਕਤਸਰ ਸਾਹਿਬ, ਫਤਿਹਗੜ੍ਹ ਸਾਹਿਬ ਆਦਿ ਸਾਰੇ ਹੀ ਜ਼ਿਲਿਆਂ 'ਚ ਹਨ। ਭਾਵੇਂ ਬਰਨਾਲਾ, ਸੰਗਰੂਰ ਤੇ ਮੋਗਾ ਜ਼ਿਲ੍ਹਿਆਂ 'ਚ ਇਨ੍ਹਾਂ ਦੀ ਬਹੁਤਾਤ ਹੈ। ਬਰਨਾਲਾ ਜ਼ਿਲ੍ਹੇ 'ਚ ਤਾਂ ਪਿਛਲੇ ਸਾਲ ਵੀ ਪੀਲੀ ਪੂਸਾ ਤੇ ਡੋਗਰ ਪੂਸਾ ਦੇ ਨਾਲ ਇਹ ਕਿਸਮ 75 ਫੀਸਦੀ ਤੋਂ ਵੱਧ ਰਕਬੇ 'ਤੇ ਕਾਸ਼ਤ ਕੀਤੀ ਗਈ ਸੀ। ਇਸ ਤੋਂ ਬਾਅਦ ਪੂਸਾ-44 ਕਿਸਮ ਦੀ ਕਾਸ਼ਤ ਇਨ੍ਹਾਂ ਅਣਪ੍ਰਮਾਣਿਤ ਕਿਸਮਾਂ ਦੇ ਨਾਲ ਸੰਗਰੂਰ ਤੇ ਮੋਗਾ ਜ਼ਿਲ੍ਹਿਆਂ 'ਚ ਹੋਈ ਸੀ। ਇਸ ਸਦੀ ਦੇ ਪਹਿਲੇ ਸਾਲਾਂ ਅਤੇ ਪਿਛਲੀ ਸਦੀ ਦੇ ਅਖੀਰਲੇ ਸਾਲਾਂ ਦੇ ਦੌਰਾਨ ਤਾਂ ਪੂਸਾ-44 ਕਿਸਮ 70 ਫੀਸਦੀ ਰਕਬੇ 'ਤੇ ਕਾਸ਼ਤ ਕੀਤੀ ਜਾਂਦੀ ਰਹੀ ਹੈ।



ਭਗਵਾਨ ਦਾਸ

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਅਤੇ ਪੰਜਾਬ ਖੇਤੀ ਯੂਨੀਵਰਸਿਟੀ ਦੇ ਮਾਹਿਰਾਂ ਵਲੋਂ ਇਹ ਕਿਹਾ ਜਾ ਰਿਹਾ ਹੈ ਕਿ ਪੂਸਾ-44 ਕਿਸਮ ਪਨੀਰੀ ਤੋਂ ਪੱਕਣ ਤੱਕ 155-160 ਦਿਨ ਲੈਂਦੀ ਹੈ। ਜੋ ਲੰਮਾ ਸਮਾਂ ਹੈ। ਇਸ ਲਈ ਇਸ ਦੀ ਪਾਣੀ ਦੀ ਖਪਤ ਜ਼ਿਆਦਾ ਹੈ। ਪੰਜਾਬ ਵਿਚ ਇਸ ਵੇਲੇ ਜ਼ਮੀਨ ਹੇਠਲੇ ਪਾਣੀ ਦੀ ਸਤਿਹ ਥੱਲੇ ਜਾਣ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਇਸ ਲਈ ਕਿਸਾਨਾਂ ਨੂੰ ਪੂਸਾ-44 ਕਿਸਮ ਦੀ ਕਾਸ਼ਤ ਨਹੀਂ ਕਰਨੀ ਚਾਹੀਦੀ, ਸਗੋਂ ਥੋੜ੍ਹੇ ਸਮੇਂ 'ਚ ਪੱਕਣ ਵਾਲੀ ਪੀ.ਏ.ਯੂ. ਵਲੋਂ ਰਿਲੀਜ਼ ਕੀਤੀ ਗਈ ਪੀ.ਆਰ.-126 ਕਿਸਮ ਦੀ ਕਾਸ਼ਤ ਕਰਨ ਤੇ ਜ਼ੋਰ ਦੇਣਾ ਚਾਹੀਦਾ ਹੈ। ਪੂਸਾ-44 ਕਿਸਮ ਦੀ ਕਾਸ਼ਤ 'ਤੇ ਰੋਗ ਲਗਾਉਣ ਲੱਗਿਆਂ ਪੰਜਾਬ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਨੇ ਪੀਲੀ ਪੂਸਾ ਅਤੇ ਡੋਗਰ ਪੂਸਾ ਬਾਰੇ ਕੋਈ ਅਜਿਹੇ ਹੁਕਮ ਜਾਰੀ ਨਹੀਂ ਕੀਤੇ। ਕਿਸਾਨ ਇਨ੍ਹਾਂ ਕਿਸਮਾਂ ਨੂੰ ਖੁੱਲ੍ਹਮ ਖੁੱਲ੍ਹਾ ਲਾ ਰਹੇ ਹਨ। ਪਿਛਲੇ ਸਾਲ ਪੰਜਾਬ 'ਚ ਲਗਭਗ 6 ਪ੍ਰਤੀਸ਼ਤ ਰਕਬੇ 'ਤੇ ਇਹ ਕਿਸਮਾਂ ਬੀਜੀਆਂ ਗਈਆਂ ਸਨ। ਭਾਵੇਂ ਕੁਝ ਜ਼ਿਲ੍ਹਿਆਂ 'ਚ ਇਨ੍ਹਾਂ ਕਿਸਮਾਂ ਦੀ ਬਿਜਾਈ ਕਾਫੀ ਵੱਡੇ ਰਕਬੇ 'ਤੇ ਕੀਤੀ ਗਈ ਸੀ।

ਭਾਵੇਂ ਖੇਤੀਬਾੜੀ ਵਿਭਾਗ ਨੇ ਪੂਸਾ-44 ਕਿਸਮ ਦੇ ਬੀਜ ਦੀ ਵਿਕਰੀ 'ਤੇ ਕਾਸ਼ਤ ਕਰਨ ਨੂੰ ਮਨਾਹੀ ਕੀਤੀ ਹੈ, ਪ੍ਰੰਤੂ ਕਿਸਾਨਾਂ ਕੋਲ ਇਸ ਕਿਸਮ ਦਾ ਆਪਣਾ ਬੀਜ ਰੱਖਿਆ ਹੋਇਆ ਸੀ। ਕੁਝ ਬੀਜ ਵਿਕਰੇਤਾਵਾਂ ਨੇ ਇਹ ਹੁਕਮ ਜਾਰੀ ਹੋਣ ਤੋਂ ਪਹਿਲਾਂ ਇਸ ਕਿਸਮ ਦੇ ਬੀਜ ਦਾ ਜ਼ਖੀਰਾ ਕਰ ਲਿਆ ਸੀ, ਜਿਸ ਵਜੋਂ ਉਸ ਨੇ ਕਿਸਾਨਾਂ ਨੂੰ ਇਸ ਕਿਸਮ ਦਾ ਬੀਜ ਵੇਚ ਦਿੱਤਾ। ਇਸ ਲਈ ਵੀ ਬੰਦੀ ਦੇ ਬਾਵਜੂਦ, ਇਸ ਕਿਸਮ ਦੀ ਬਿਜਾਈ ਕਰਨ ਵਾਲੇ ਇਲਾਕਿਆਂ 'ਚ ਇਸ ਕਿਸਮ ਦੀਆਂ ਪਨੀਰੀਆਂ ਆਮ ਲਗਾਈਆਂ ਗਈਆਂ ਹਨ। ਪਿਛਲੇ ਸਾਲ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਪੂਸਾ-44 ਕਿਸਮ ਦੀ ਬਿਜਾਈ ਨਾ ਕਰਨ ਲਈ ਕਿਸਾਨਾਂ ਨੂੰ ਕਿਹਾ ਗਿਆ ਸੀ, ਜਿਸ ਉਪਰੰਤ ਇਸ ਕਿਸਮ ਦੀ ਕਾਸ਼ਤ ਥੱਲੇ ਰਕਬਾ ਘਟਿਆ ਅਤੇ ਇਕ ਅਨੁਮਾਨ 5 ਬਿਲੀਅਨ ਕਿਊਬਕ ਪਾਣੀ ਦੀ ਬੱਚਤ ਹੋਈ। ਕਿਉਂਕਿ ਇਸ ਕਿਸਮ ਦੀ ਸਿੰਚਾਈ ਦੀ ਲੋੜ ਹੋਰ ਕਿਸਮਾਂ ਨਾਲੋਂ ਵੱਧ ਸੀ, ਇਸ ਦੀ ਕਾਸ਼ਤ ਘਟਣ ਨਾਲ 477 ਕਰੋੜ ਰੁਪਏ ਦੀ ਬਿਜਲੀ ਦੀ ਬੱਚਤ ਹੋਈ। ਉਂਝ ਟਿਊਬਵੈੱਲਾਂ ਲਈ ਬਿਜਲੀ ਕਿਸਾਨਾਂ ਨੂੰ ਮੁਫਤ ਉਪਲੱਬਧ ਕੀਤੀ ਜਾਂਦੀ ਹੈ।

ਪੂਸਾ-44 ਕਿਸਮ ਦੀ ਕਾਸ਼ਤ ਪਿਛਲੇ 30 ਸਾਲਾਂ ਤੋਂ ਲਗਾਤਾਰ ਕੀਤੀ ਜਾ ਰਹੀ ਹੈ। ਪੰਜਾਬ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵਲੋਂ ਪੂਸਾ-44 ਕਿਸਮ ਦੇ ਬੀਜਾਂ ਦੀ ਵਿਕਰੀ ਅਤੇ ਕਾਸ਼ਤ 'ਤੇ ਲਗਾਈ ਪਾਬੰਦੀ ਭਵਿੱਖ 'ਚ ਕਿਸ ਹੱਦ ਤੱਕ ਸਫਲ ਹੁੰਦੀ ਹੈ, ਇਹ ਕਿਸਾਨਾਂ ਦੀ ਰੁਚੀ ਹੀ ਦੱਸੇਗੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਪੂਸਾ-44 ਦੀ ਥਾਂ ਸਿਫਾਰਸ਼ ਕੀਤੀਆਂ ਜਾ ਰਹੀਆਂ ਕਿਸਮਾਂ ਦੀ ਕਾਸ਼ਤ ਤੋਂ ਇਸ ਦੇ ਮੁਕਾਬਲੇ ਕਿਸਾਨਾਂ ਨੂੰ ਹੋਣ ਵਾਲਾ ਮੁਨਾਫਾ ਹੀ ਨਿਰਣਾ ਕਰੇਗਾ ਕਿ ਪੂਸਾ-44 'ਤੇ ਵਿਭਾਗ ਵਲੋਂ ਲਗਾਈ ਰੋਕ ਕਿਸ ਹੱਦ ਤੱਕ ਸਫਲਤਾ ਪ੍ਰਾਪਤ ਕਰਦੀ ਹੈ ਅਤੇ ਕਿਸਾਨਾਂ ਦੀ ਰੁਚੀ ਕਿਸ ਪਾਸੇ ਮੋੜ ਖਾਂਦੀ ਹੈ। ਪ੍ਰੰਤੂ ਇਕਦਮ ਪੂਸਾ-44 ਕਿਸਮ ਨੂੰ ਅਲਵਿਦਾ ਕਹਿਣਾ ਸੰਭਵ ਨਹੀਂ ਹੋਵੇਗਾ। ਕਈ ਪੂਸਾ-44 ਕਿਸਮ ਲਾਉਣ ਵਾਲੇ ਕਿਸਾਨਾਂ ਜਿਵੇਂ ਪੀ.ਏ.ਯੂ. ਤੋਂ ਸਨਮਾਨਿਤ ਅਗਾਂਹਵਧੂ ਕਿਸਾਨ ਬਲਬੀਰ ਸਿੰਘ ਜੜ੍ਹੀਆ ਧਰਮਗੜ੍ਹ (ਅਮਲੋਹ) ਨੇ ਦੱਸਿਆ ਕਿ ਉਹ ਪੂਸਾ-44 ਕਿਸਮ ਦੀ ਥਾਂ ਬਾਸਮਤੀ ਦੀਆਂ ਨਵੀਆਂ ਬਿਮਾਰੀ-ਰਹਿਤ ਪੂਸਾ ਬਾਸਮਤੀ-1847 (ਪੀ. ਬੀ.-1509 ਤੇ ਪੀ. ਬੀ.-1692 ਦੀ ਥਾਂ), ਪੂਸਾ ਬਾਸਮਤੀ-1885 (ਪੀ. ਬੀ.-1121 ਦੀ ਥਾਂ) ਅਤੇ ਪੂਸਾ ਬਾਸਮਤੀ-1886 (ਮੁੱਛਲ ਪੂਸਾ-1401 ਦੀ ਥਾਂ) ਜਿਹੀਆਂ ਕਿਸਮਾਂ ਅਤੇ ਹਾਲ 'ਚ ਹੀ ਸਿੱਧੀ ਬਿਜਾਈ ਲਈ ਰਿਲੀਜ਼ ਕੀਤੀਆਂ ਗਈਆਂ, ਜੋ ਨਦੀਨਾਂ ਦੀ ਸਮੱਸਿਆ ਨੂੰ ਹੱਲ ਕਰਦੀਆਂ ਹਨ, ਪੂਸਾ ਬਾਸਮਤੀ-1979 (ਪੀ. ਬੀ.-1121 ਦਾ ਬਦਲ) ਅਤੇ ਪੂਸਾ ਬਾਸਮਤੀ-1985 (ਪੀ. ਬੀ.-1509 ਦਾ ਬਦਲ) ਲਗਾਉਣ ਲਈ ਰੁਚੀ ਰੱਖਦੇ ਹਨ। ਇਸ ਸਾਲ ਵੀ ਉਨ੍ਹਾਂ ਨੇ ਕੁਝ ਰਕਬਾ ਇਨ੍ਹਾਂ ਬਾਸਮਤੀ ਕਿਸਮਾਂ ਦੀ ਕਾਸ਼ਤ ਕਰਨ ਲਈ ਰਾਖਵਾਂ ਰੱਖਿਆ ਹੈ। ਪਿਛਲੇ ਸਾਲ ਬਾਸਮਤੀ ਕਿਸਮਾਂ ਦਾ ਭਾਅ ਮੰਡੀ 'ਚ ਲਾਹੇਵੰਦ ਰਹਿਣ ਕਰਕੇ ਕਿਸਾਨਾਂ ਨੇ ਚੋਖੀ ਵੱਟਤ ਕੀਤੀ ਅਤੇ ਇਸ ਸਾਲ ਵੀ ਉਨ੍ਹਾਂ ਨੂੰ ਆਲ-ਇੰਡੀਆ ਰਾਈਸ ਐਕਸਪੋਰਟਰਜ਼ ਐਸੋਸੀਏਸ਼ਨਜ਼ ਦੇ ਸਾਬਕਾ ਪ੍ਰਧਾਨ ਅਤੇ ਬਾਸਮਤੀ ਦੇ ਨਾਮਵਰ ਐਕਸਪੋਰਟਰ ਵਿਜੇ ਸੇਤੀਆ ਨੇ ਬਾਸਮਤੀ ਦਰਾਮਦ ਕਰ ਰਹੇ ਮੁਲਕਾਂ ਦੀ ਫੇਰੀ ਪਾ ਕੇ ਦੱਸਿਆ ਹੈ ਕਿ ਦੂਜੇ ਮੁਲਕਾਂ 'ਚ ਬਾਸਮਤੀ ਦੀ ਮੰਗ ਵਧਣ ਉਪਰੰਤ ਇਸ ਸਾਲ ਵੀ ਬਾਸਮਤੀ ਦਾ ਭਾਅ ਲਾਹੇਵੰਦ ਰਹਿਣ ਦੀ ਉਮੀਦ ਹੈ। ਕਿਸਾਨ ਬਾਸਮਤੀ ਕਿਸਮਾਂ, ਥੋੜ੍ਹੇ ਸਮੇਂ 'ਚ ਪੱਕਣ ਵਾਲੀ ਪੀ ਆਰ-126 ਕਿਸਮ ਅਤੇ ਪੂਸਾ-44 ਕਿਸਮ ਤੋਂ ਹੋਣ ਵਾਲੇ ਮੁਨਾਫੇ 'ਤੇ ਹੀ ਭਵਿੱਖ 'ਚ ਇਹ ਫੈਸਲਾ ਕਰਨਗੇ ਕਿ ਉਹ ਕਿਸਮਾਂ ਦੀ ਚੋਣ ਸੰਬੰਧੀ ਕੀ ਰੁੱਚੀ ਰੱਖਦੇ ਹਨ? ਪੂਸਾ-44 ਕਿਸਮ ਨੂੰ ਅਲਵਿਦਾ ਕਿਸਾਨਾਂ ਨੂੰ ਇਸ ਦੇ ਲਾਹੇਵੰਦ ਬਦਲ ਦੇ ਕੇ ਹੀ ਕਿਹਾ ਜਾਏ। ਵਿਭਾਗ ਵੱਲੋਂ ਬੰਦਿਸ਼ ਲਗਾਉਣ ਸੰਬੰਧੀ ਤਾਂ ਕਿਸਾਨਾਂ ਦਾ ਕਹਿਣਾ ਹੈ ਕਿ ਕੁਝ ਝੋਨੇ ਦੇ ਹਾਈਬ੍ਰਿਡ ਅਜੇ ਵੀ ਲਗਾਏ ਜਾ ਰਹੇ ਹਨ, ਭਾਵੇਂ ਉਨ੍ਹਾਂ ਦੀ ਕਾਸ਼ਤ 'ਤੇ ਰੋਕ ਲੱਗੀ ਹੋਈ ਹੈ।



# ਪਾਣੀ ਦੀ ਪਰਵਾਹ ਕਰਨ ਵਾਲੇ



ਗਰਮੀ ਦਾ ਇਹ ਮੌਸਮ ਹਰ ਸਾਲ ਸਾਨੂੰ ਇਮਾਨਦਾਰੀ ਨਾਲ ਪਾਣੀ ਦੀ ਯਾਦ ਦਿਵਾਉਂਦਾ ਹੈ, ਪਰ ਅਸੀਂ ਮਾਨਸੂਨ ਦੇ ਆਉਦਿਆਂ-ਆਉਦਿਆਂ ਉਸੇ ਇਮਾਨਦਾਰੀ ਨਾਲ ਉਸ ਨੂੰ ਭੁੱਲ ਜਾਂਦੇ ਹਾਂ । ਹਰ ਸਾਲ ਦੇਸ਼ ਦੇ ਦੂਰ-ਦੁਰਾਡੇ ਦੇ ਇਲਾਕਿਆਂ 'ਚ ਪਾਣੀ ਦੀ ਸੰਭਾਲ ਅਤੇ ਸਰਫੇ ਨਾਲ ਵਰਤੋਂ ਨੂੰ ਲੈ ਕੇ ਤਰ੍ਹਾਂ ਤਰ੍ਹਾਂ ਦੀਆਂ ਖਬਰਾਂ ਆਉਂਦੀਆਂ ਹਨ, ਉਨ੍ਹਾਂ ਦੇ ਦੇਖ-ਸੁਣ ਕੇ ਅਸੀਂ ਥੋੜ੍ਹੀ ਦੇਰ ਲਈ ਖੁਸ਼ ਵੀ ਹੋ ਲੈਂਦੇ ਹਾਂ ਪਰ ਉਨ੍ਹਾਂ ਤੋਂ ਸਿੱਖ ਕੇ ਕਦੀ ਪਾਣੀ ਦਾ ਮਾਣ ਨਹੀਂ ਰੱਖਦੇ ।

ਦੇਸ਼ ਦੇ ਕਈ ਇਲਾਕਿਆਂ 'ਚ ਜਲ-ਸੰਭਾਲ ਦੇ ਕਈ ਉਪਾਅ ਸਥਾਨਕ ਲੋੜਾਂ ਮੁਤਾਬਕ ਉੱਥੋਂ ਦੇ ਭਾਈਚਾਰਿਆਂ ਨੇ ਵਿਕਸਿਤ ਕੀਤੇ ਹਨ । ਰਾਜਸਥਾਨ ਦੇ ਮਾਰੂਥਲੀ ਇਲਾਕਿਆਂ 'ਚ ਪਾਣੀ ਨੂੰ ਇਕੱਠਾ ਕਰਨ ਦੇ ਕਈ ਤੌਰ-ਤਰੀਕੇ ਅਪਨਾਏ ਜਾ ਰਹੇ ਹਨ । ਉੱਥੋਂ ਥੋੜ੍ਹਾ ਅੱਗੇ ਜਾਓ ਤਾਂ ਗੁਜਰਾਤ ਦੇ ਕੱਛ ਇਲਾਕੇ 'ਚ ਵੀ ਅਜਿਹੇ ਰਵਾਇਤੀ ਸੂਝ-ਬੂਝ ਦੇ ਕਈ ਤਰੀਕਿਆਂ ਨੂੰ ਦੇਖਿਆ ਜਾ ਸਕਦਾ ਹੈ । ਵਿਅਕਤੀਗਤ ਜਾਂ ਪਿੰਡ-ਭਾਈਚਾਰੇ ਦੀ ਜ਼ਮੀਨ 'ਚ ਖਾਸ ਤੌਰ 'ਤੇ ਜਲ-ਭੰਡਾਰ ਇਲਾਕਾ ਤਿਆਰ ਕਰਕੇ ਉਸ ਦੇ ਪਾਣੀ ਨੂੰ ਇਕ 'ਕੂੰਈ' ਨਾਂ ਦੇ ਖੂਹ 'ਚ ਇਕੱਠਾ ਕਰਨ ਦੇ ਕਾਰਜ ਨੂੰ ਰਾਜਸਥਾਨ ਦੇ ਕਈ ਇਲਾਕਿਆਂ 'ਚ ਦੇਖਿਆ ਜਾ ਸਕਦਾ ਹੈ ।

ਧਿਆਨ ਇਸ ਗੱਲ 'ਤੇ ਦਿੱਤਾ ਜਾਂਦਾ ਹੈ ਕਿ ਵੱਧ ਤੋਂ ਵੱਧ ਪਾਣੀ ਖੂਹ 'ਚ ਪਹੁੰਚ ਸਕੇ । ਜਲ-ਭੰਡਾਰ ਇਲਾਕੇ ਨੂੰ ਲਿੱਪਣ-ਪੋਚਣ 'ਤੇ ਉਸ ਦੀ ਢਲਾਣ ਬਣਾਉਣ 'ਚ ਇਸ ਦਾ ਖਾਸ ਖਿਆਲ ਰੱਖਿਆ ਜਾਂਦਾ ਹੈ । ਤਾਲਾਬ ਦੀ ਸੀਪੇਜ ਦਾ ਪਾਣੀ ਬੇਕਾਰ ਨਾ ਜਾਵੇ, ਇਸ ਲਈ ਇਸ ਪਾਣੀ ਨੂੰ ਇਕੱਠਾ ਕਰਨ ਲਈ 'ਕੂੰਈ' ਨਾਂ ਦੇ ਤਰੀਕੇ ਦਾ ਰਿਵਾਜ ਹੈ ।

ਰਾਜਸਥਾਨ ਦੇ ਰਿਵਾਜ ਕਿਲ੍ਹੇ ਤਾਂ ਉਂਝ ਵੀ ਪ੍ਰਸਿੱਧ ਹਨ ਪਰ ਇਨ੍ਹਾਂ ਦਾ ਜਲ-ਪ੍ਰਬੰਧ ਖਾਸ ਤੌਰ 'ਤੇ ਦੇਖਣ ਯੋਗ ਹੈ । ਚਿਤੌੜ ਦੇ ਕਿਲੇ 'ਚ ਹਾਥੀਕੁੰਡ ਦੇ ਸੀਪੇਜ ਤੋਂ ਗੌਮੁਖ ਦਾ ਝਰਨਾ ਬਣਦਾ ਹੈ ਅਤੇ ਇਸ ਝਰਨੇ ਨਾਲ ਚਿਤੌੜ ਦੇ ਕਿਲੇ ਦਾ ਮੁੱਖ ਪਾਣੀ ਭੰਡਾਰ ਬਣਦਾ ਹੈ । ਕਿਲ੍ਹਿਆਂ ਤੋਂ ਇਲਾਵਾ ਆਮ ਰਿਹਾਇਸ਼ਾਂ, ਵਿਹੜੇ ਜਾਂ ਬਰਾਂਡਿਆਂ 'ਚ ਕੁੰਡ ਬਣਾ ਕੇ ਛੱਤਾਂ 'ਤੇ ਢੁੱਕਵੀਂ ਵਿਵਸਥਾ ਕਰ ਕੇ ਮੀਂਹ ਦੇ ਜਲ-ਭੰਡਾਰ ਨੂੰ ਕਈ ਥਾਵਾਂ 'ਤੇ ਦੇਖਿਆ ਜਾ ਸਕਦਾ ਹੈ । ਤਰ੍ਹਾਂ-ਤਰ੍ਹਾਂ ਦੇ ਛੋਟੇ-ਵੱਡੇ ਤਾਲਾਬਾਂ ਅਤੇ ਬਾਉਲੀਆਂ ਦੇ ਨਜ਼ਰੀਏ ਤੋਂ ਇਹ ਸੂਬਾ ਖੁਸ਼ਹਾਲ ਹੈ । ਰਾਜਸਥਾਨ ਦੇ ਕੁਝ ਇਲਾਕਿਆਂ 'ਚ ਬਹੁਤ ਘੱਟ ਮੀਂਹ ਪੈਂਦਾ ਹੈ ਪਰ ਉੱਥੇ ਵੀ ਰਵਾਇਤੀ ਉਪਾਵਾਂ ਨਾਲ ਲੋੜ ਜੋਗੇ ਪੀਣ ਵਾਲੇ ਪਾਣੀ ਦੀ ਵਿਵਸਥਾ ਕਰ ਕੇ ਲੋਕ ਕਾਫੀ ਹੱਦ ਤੱਕ ਸਵੈ-ਨਿਰਭਰ ਬਣੇ ਹੋਏ ਸਨ ।

ਉੱਤਰ-ਪੂਰਬੀ ਰਾਜਾਂ ਵਿਚ ਰਵਾਇਤੀ ਸਿੰਚਾਈ ਦੀਆਂ ਬਹੁਤ ਸਾਰੀਆਂ ਸ਼ਾਨਦਾਰ

ਭਾਰਤ ਡੋਗਰਾ

ਉਦਾਹਰਣਾਂ ਮਿਲ ਸਕਦੀਆਂ ਹਨ । ਮੇਘਾਲਿਆ ਦੀ ਵਿਸ਼ੇਸ਼ ਪ੍ਰਾਪਤੀ ਬਾਂਸ ਦੀਆਂ ਪਾਈਪਲਾਈਨਾਂ ਰਾਹੀਂ ਦੂਰ ਦੇ ਪੌਦਿਆਂ ਨੂੰ ਲੋੜੀਂਦੇ ਪਾਣੀ ਦੀ ਸਹੀ ਮਾਤਰਾ ਦੀ ਸਪਲਾਈ ਕਰਨਾ ਹੈ । ਸਾਲ 1956 ਵਿਚ, ਆਂਧਰਾ ਪ੍ਰਦੇਸ਼ ਵਿਚ ਸਿੰਚਾਈ ਲਈ ਲਾਭਦਾਇਕ 58,518 ਤਾਲਾਬ ਸਨ, ਜੋ ਲਗਭਗ 10 ਲੱਖ ਹੈਕਟੇਅਰ, ਭਾਵ ਕੁੱਲ ਸਿੰਜਾਈ ਵਾਲੇ ਖੇਤਰ ਦੇ 40 ਫੀਸਦੀ ਇਲਾਕੇ ਦੀ ਸਿੰਚਾਈ ਕਰ ਰਹੇ ਸਨ ।

ਇਸ ਵਿਚ ਕੁਝ ਗਿਰਾਵਟ ਜ਼ਰੂਰੀ ਆਈ ਹੈ, ਪਰ ਇਸ ਦਾ ਮਹੱਤਵ ਬਰਕਰਾਰ ਹੈ । ਇਨ੍ਹਾਂ ਵਿਚੋਂ ਬਹੁਤ ਸਾਰੇ ਤਾਲਾਬ ਇਕ-ਦੂਜੇ ਨਾਲ ਜੁੜੇ ਹੋਏ ਹਨ ਅਤੇ ਇਨ੍ਹਾਂ ਵਿਚ ਪਾਣੀ ਦੀ ਪੂਰੀ ਵਰਤੋਂ ਕੀਤੀ ਜਾਂਦੀ ਹੈ, ਇਹ ਵਿਅਰਥ ਨਹੀਂ ਵਗਦਾ । ਤਾਮਿਲਨਾਡੂ ਦੇ ਕੁੱਲ ਸਿੰਚਾਈ ਵਾਲੇ ਇਲਾਕੇ ਦਾ ਲਗਭਗ ਇਕ ਤਿਹਾਈ ਹਿੱਸਾ ਅਜੇ ਵੀ 'ਏਰੀ' ਨਾਮਕ ਪ੍ਰਾਚੀਨ ਤਾਲਾਬਾਂ ਦੁਆਰਾ ਸਿੰਜਿਆ ਜਾ ਰਿਹਾ ਹੈ ।

ਹੜ੍ਹ ਅਤੇ ਸੋਕੇ ਦਾ ਦੋਹਰਾ ਸੰਕਟ ਦੇਸ਼ ਦੀ ਵੱਡੀ ਸਮੱਸਿਆ ਹੈ । ਰਵਾਇਤੀ ਵਾਟਰ ਹਾਰਵੈਸਟਿੰਗ ਨਾ ਸਿਰਫ ਸੋਕੇ ਦੇ ਸੰਕਟ ਤੋਂ ਰਾਹਤ ਦੇਵੇਗੀ, ਸਗੋਂ ਹੜ੍ਹਾਂ ਦੀ ਸਮੱਸਿਆ ਨੂੰ ਘਟਾਉਣ ਵਿਚ ਵੀ ਮਦਦ ਕਰੇਗੀ । ਜਦੋਂ ਬਹੁਤ ਸਾਰਾ ਪਾਣੀ ਤੇਜ਼ੀ ਨਾਲ ਦਰਿਆ ਵੱਲ ਵਹਿਣ ਦੀ ਬਜਾਏ ਖੇਤੀਬਾੜੀ ਅਤੇ ਹੋਰ ਵਰਤੋਂ ਲਈ ਮੋੜਿਆ ਜਾਂਦਾ ਹੈ ਅਤੇ ਸਟੋਰ ਕੀਤਾ ਜਾਂਦਾ ਹੈ ਤਾਂ ਹੜ੍ਹਾਂ ਦਾ ਖਤਰਾ ਘੱਟ ਜਾਂਦਾ ਹੈ ।

ਜਦੋਂ ਤੱਕ ਬਿਹਾਰ ਦੇ ਗਯਾ ਜ਼ਿਲ੍ਹੇ ਵਿਚ 'ਆਹਾਰ' ਅਤੇ 'ਪਾਈਨ' ਪ੍ਰਣਾਲੀਆਂ ਮਜ਼ਬੂਤ ਰਹੀਆਂ, ਉਨ੍ਹਾਂ ਨੇ ਹੜ੍ਹਾਂ ਅਤੇ ਸੋਕਾ, ਦੋਵਾਂ ਨੂੰ ਰੋਕਣ ਵਿਚ ਮਦਦ ਕੀਤੀ । ਰਾਜਸਥਾਨ ਵਿਚ ਪਏ ਭਿਆਨਕ ਸੋਕੇ ਦੇ ਦਿਨਾਂ ਵਿਚ ਦੇਖਿਆ ਗਿਆ ਕਿ ਪੀਣ ਵਾਲੇ ਪਾਣੀ ਦੇ ਆਧੁਨਿਕ ਸਰੋਤਾਂ ਦੇ ਆਉਣ ਤੋਂ ਬਾਅਦ ਵੀ ਜਿੱਥੇ ਰਵਾਇਤੀ ਪਾਣੀ ਦੇ ਭੰਡਾਰਾਂ ਨੂੰ ਅਣਗੌਲਿਆ ਨਹੀਂ ਕੀਤਾ ਗਿਆ, ਉੱਥੇ ਲੋਕ ਪੀਣ ਵਾਲੇ ਪਾਣੀ ਦੇ ਮਾਮਲੇ ਵਿਚ ਆਤਮ ਨਿਰਭਰ ਬਣ ਰਹੇ ।



ਰਵਾਇਤੀ ਵਾਟਰ ਹਾਰਵੈਸਟਿੰਗ ਸਿਸਟਮ ਇਕ ਸਮੂਹਿਕ ਯਤਨ ਹਨ । ਬੁੰਦੇਲਖੰਡ ਅਤੇ ਨਰਮਦਾ ਇਲਾਕੇ ਦੀ 'ਹਵੇਲੀ ਪ੍ਰਣਾਲੀ' ਜਾਂ ਬਿਹਾਰ ਦੀ 'ਆਹਾਰ' ਅਤੇ 'ਪਾਈਨ' ਪ੍ਰਣਾਲੀ ਨੂੰ ਲੈ ਲਓ, ਇਹ ਕਿਸਾਨਾਂ ਦੇ ਸਾਂਝੇ ਯਤਨਾਂ ਜਾਂ ਤਾਲਮੇਲ ਤੋਂ ਬਿਨਾਂ ਸੰਭਵ ਨਹੀਂ ਹੈ । ਸਾਰਾ ਪਿੰਡ ਛੱਪੜ ਬਣਾਉਣ, ਇਸ ਦੀ ਸਾਂਭ-ਸੰਭਾਲ ਅਤੇ ਸਫਾਈ ਵਿਚ ਯੋਗਦਾਨ ਪਾਉਂਦਾ ਹੈ । ਇੱਥੋਂ ਤੱਕ ਕਿ ਖਾਨਾਬਦੋਸ਼ ਲੋਕਾਂ ਨੇ ਵੀ ਆਪਣੇ ਸਾਂਝੇ ਯਤਨਾਂ ਰਾਹੀਂ ਪਾਣੀ ਦੀ ਸੰਭਾਲ ਅਤੇ ਭੰਡਾਰਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ । ਕੱਛ ਦੀ 'ਵੀਰ ਦੀ ਪ੍ਰਣਾਲੀ' 'ਮਾਲਧਾਰੀ ਭਾਈਚਾਰੇ' ਦੀ ਦੇਣ ਹੈ, ਜਦੋਂ ਕਿ 'ਪਿਚੋਲਾ ਝੀਲ', ਜੋ ਅੱਜ ਤੱਕ ਉਦੈਪੁਰ ਵਿਚ ਪਾਣੀ ਦਾ ਸਭ ਤੋਂ ਅਹਿਮ ਸਰੋਤ ਬਣੀ ਹੋਈ ਹੈ, ਵਣਜਾਰਿਆਂ ਵਲੋਂ ਬਣਾਈ ਗਈ ਸੀ ।

ਰਵਾਇਤੀ ਸਰੋਤਾਂ ਅਤੇ ਤਕਨਾਲੋਜੀ ਨੂੰ ਮਹੱਤਵ ਦੇਣ ਦਾ ਮਤਲਬ ਇਹ ਨਹੀਂ ਹੈ ਕਿ ਵਿਗਿਆਨ ਦੀਆਂ ਨਵੀਆਂ ਪ੍ਰਾਪਤੀਆਂ ਦੇ ਆਧਾਰ 'ਤੇ ਇਸ ਵਿਚ ਤਬਦੀਲੀਆਂ ਜਾ ਸੁਧਾਰ ਨਹੀਂ ਕੀਤੇ ਜਾਦੇ ਚਾਹੀਦੇ, ਪਰ ਇਹ ਧਿਆਨ ਦੇਣ ਯੋਗ ਹੈ ਕਿ ਰਵਾਇਤੀ ਤਕਨਾਲੋਜੀ ਅਤੇ ਸਥਿਤੀ ਦੀ ਬੁਨਿਆਦੀ ਸਮਝ ਦੇ ਉਲਟ ਕੋਈ ਬਦਲਾਅ ਨਹੀਂ ਕੀਤਾ ਜਾਣਾ ਚਾਹੀਦਾ ਹੈ । ਧਰਤੀ ਹੇਠਲੇ ਪਾਣੀ ਦਾ ਪੱਧਰ ਨਾ ਘਟੇ, ਇਸ ਲਈ ਲਗਾਤਾਰ ਧਿਆਨ ਰੱਖਣਾ ਪਵੇਗਾ ।

ਇਸ ਤੋਂ ਪਹਿਲਾਂ ਪਾਣੀ ਦੇ ਸਰੋਤਾਂ ਅਤੇ ਉਨ੍ਹਾਂ ਦੇ ਕੈਚਮੈਂਟ (ਇਕੱਠਾ ਕਰਨ) ਦੇ ਇਲਾਕਿਆਂ ਨੂੰ ਸਾਫ ਰੱਖਣ ਦੀ ਬਹੁਤ ਚੰਗੀ ਪਿਰਤ ਸੀ । ਇਸ ਅਨੁਸ਼ਾਸਨ ਨੂੰ ਪਿੰਡਾਂ ਦੇ ਪਰਿਵਾਰਾਂ ਵਿਚ ਅਤੇ ਸਕੂਲੀ ਸਿੱਖਿਆ ਰਾਹੀਂ ਵੀ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ । ਅਜਿਹੇ ਸਭਿਆਚਾਰਕ ਮੇਲੇ ਕਰਵਾਏ ਜਾ ਸਕਦੇ ਹਨ ਜਿਨ੍ਹਾਂ ਨਾਲ ਛੱਪੜਾਂ ਆਦਿ ਦੀ ਸਫਾਈ ਲਈ ਕਿਰਤਦਾਨ ਨੂੰ ਜੋੜਿਆ ਜਾ ਸਕਦਾ ਹੈ ।

## ਗਰਮੀ ਦੌਰਾਨ ਪਸ਼ੂਆਂ ਦਾ ਲੋੜੀਂਦਾ ਪ੍ਰਬੰਧ

ਡੇਅਰੀ ਪਸ਼ੂ ਜ਼ਿਆਦਾਤਰ ਗਰਮੀ ਦੇ ਤਣਾਅ ਲਈ ਸੰਵੇਦਨਸ਼ੀਲ ਹੁੰਦੇ ਹਨ । ਥਰਮੋ-ਨਿਊਟਰਲ ਜ਼ੋਨ, ਜਾਂ ਵਾਤਾਵਰਣ ਦਾ ਤਾਪਮਾਨ 41 ਫਾਰਨਹੀਟ ਤੱਕ ਹੁੰਦਾ ਹੈ । ਇਸ ਵਿਚ ਪਸ਼ੂ ਆਪਣੇ ਆਪ ਨੂੰ ਨਿੱਘੇ ਰਹਿਣ ਜਾਂ ਠੰਢੇ ਰਹਿਣ ਲਈ ਵਾਧੂ ਊਰਜਾ ਖਰਚ ਨਹੀਂ ਕਰਦੇ, ਜਦੋਂ ਤਾਪਮਾਨ ਇਸ ਜ਼ੋਨ ਤੋਂ ਉੱਪਰ ਹੁੰਦਾ ਹੈ, ਤਾਂ ਪਸ਼ੂਆਂ ਤੇ ਤਣਾਅ ਵੱਧਦਾ ਹੈ ਅਤੇ ਉਸ ਦਾ ਉਤਪਾਦਨ ਘੱਟਦਾ ਹੈ ।

★ ਪਸ਼ੂਆਂ ਨੂੰ 24 ਘੰਟੇ ਪੀਣ ਵਾਲਾ ਪਾਣੀ ਯਕੀਨੀ ਬਣਾਉ, ਜੋ ਕਿ ਉਹਨਾਂ ਨੂੰ ਛਾਂ ਹੇਠ ਮੁਹੱਈਆ ਕਰਵਾਇਆ ਜਾਵੇ । ਉਸ ਨੂੰ ਸੰਤੁਲਿਤ ਖੁਰਾਕ ਦਿਓ ਜੋ ਕਿ ਸਵੇਰੇ, ਸ਼ਾਮ ਅਤੇ ਰਾਤ ਨੂੰ ਦਿੱਤੀ ਜਾਵੇ । ਉੱਚ ਗੁਣਵੱਤਾ ਵਾਲੇ ਰਾਸ਼ਨ ਦੀ ਵਿਵਸਥਾ ਪੌਸ਼ਟਿਕ ਤੱਤਾਂ ਦੀ ਮਾਤਰਾ ਅਤੇ ਉਤਪਾਦਨ ਨੂੰ ਬਣਾਈ ਰੱਖਣ ਵਿਚ ਮਦਦ ਕਰ ਸਕਦੀ ਹੈ ।

★ ਤੇਜ਼ ਗਰਮੀ ਤੋਂ ਬਚਣ ਲਈ ਸਵੇਰੇ ਅਤੇ ਦੇਰ ਸ਼ਾਮ ਦੇ ਸਮੇਂ ਚਰਾਉਣ ਨੂੰ ਤਰਜੀਹ ਦਿਓ ।

★ ਰਾਸ਼ਨ ਦੀ ਘਣਤਾ ਵਧਾਈ ਜਾ ਸਕਦੀ ਹੈ ਤਾਂ ਜੋ ਘੱਟ ਸੁੱਕੇ ਪਦਾਰਥਾਂ ਦੇ ਸੇਵਨ ਤੇ ਸਮਾਨ ਪੌਸ਼ਟਿਕ ਤੱਤ ਪ੍ਰਦਾਨ ਕੀਤੇ ਜਾ ਸਕਣ ।

★ ਘੱਟ ਰੇਸ਼ੇ (ਫਾਈਬਰ) ਅਤੇ ਉੱਚ ਫਰਮੈਂਟੇਬਲ ਊਰਜਾ ਖੁਰਾਕਾਂ ਜਿਵੇਂ ਕਿ ਦਾਣੇ ਆਦਿ ਪਸ਼ੂਆਂ ਨੂੰ ਵੱਧ ਰੇਸ਼ੇ ਵਾਲੀ ਖੁਰਾਕ ਨਾਲੋਂ ਘੱਟ ਗਰਮੀ ਕਰਦੇ ਹਨ । ਪਰ ਇਸ ਕਈ ਵਾਰ ਐਸੀਡੋਸਿਸ ਦੀ ਸੰਭਾਵਨਾਂ ਵੱਧ ਜਾਂਦੀ ਹੈ । ਇਸ ਸਮੱਸਿਆ ਨਾਲ ਨਜਿੱਠਣ ਦੇ ਲਈ ਸੋਡੀਅਮ ਬਾਈਕਾਰਬੋਨੇਟ ਇਕ ਫੀਡ ਐਡਿਵਿਟ ਬਫਰ ਦੇ ਤੌਰ ਦੇ ਵਰਤਿਆ ਜਾ ਸਕਦਾ ਹੈ । ਬਫਰ ਉਹ ਪਦਾਰਥ ਹਨ ਜੋ ਪੀ. ਐਚ. ਦੇ ਉਤਾਰ ਚੜਾਅ ਨੂੰ ਘੱਟ ਕਰਦੇ ਹਨ, ਫਾਈਬਰ ਦੇ ਪਾਚਨ ਵਿਚ ਮਦਦ ਕਰਦੇ ਹਨ ਅਤੇ ਪਸ਼ੂਆਂ ਦੁਆਰਾ ਸੁੱਕੇ ਮਾਦੇ ਦਾ ਸੇਵਨ ਵੀ ਵਧਾਉਂਦੇ ਹਨ । ਗੰਭੀਰ ਗਰਮੀ ਦੀਆਂ ਹਾਲਤਾਂ ਵਿਚ ਕਰਵਾਏ ਗਏ ਇਕ ਅਧਿਐਨ ਦੌਰਾਨ ਪਤਾ ਲੱਗਾ ਕਿ ਡੇਅਰੀ ਗਾਵਾਂ ਨੂੰ ਖੁਆਇਆ ਗਿਆ ਲਾਈਵ ਖਮੀਰ ਫੀਡ ਕੁਸ਼ਲਤਾ ਵਿਚ 7% ਤੱਕ ਸੁਧਾਰ ਕਰਦਾ ਹੈ ।

★ ਖਣਿਜਾਂ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਗਰਮ ਮੌਸਮ ਦੌਰਾਨ ਖਣਿਜਾਂ ਦੀ ਪੂਰਤੀ ਨੂੰ ਯਕੀਨੀ ਬਣਾਉ । ਪੋਟਾਸ਼ੀਅਮ ਨਾਲ ਭਰਪੂਰ ਖਣਿਜ ਮਿਸ਼ਰਣ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਇਸ ਦਾ ਨਿਕਾਸ ਦੁੱਧ ਅਤੇ ਪਸੀਨੇ ਰਾਹੀਂ ਹੁੰਦਾ ਰਹਿੰਦਾ ਹੈ ।

★ ਗਰਮੀ ਦੇ ਤਣਾਅ ਦਾ ਮੁਕਾਬਲਾ ਕਰਨ ਲਈ ਖੁਰਾਕ ਵਿਚ ਪਾਈ ਫੈਟ ਵੀ ਜ਼ਰੂਰੀ ਹੈ ਅਤੇ ਏਨੀ ਮਾਤਰਾ ਵਿਚ ਜ਼ਰੂਰ ਹੋਵੇ ਜਿਸਨੂੰ ਵਾਜਬ ਤੌਰ ਤੇ ਪਸ਼ੂ ਨੂੰ ਦੇਣਾ ਲਾਹੇਵੰਦ ਹੈ । ਰੂਮਨ ਦੇ ਸੂਖਮ ਜੀਵ 3-8 ਪ੍ਰਤੀਸ਼ਤ ਫੈਟ ਹੀ ਬਰਦਾਸ਼ਤ ਕਰਜ ਸਕਦੇ ਹਨ ਪਰ ਬਾਈਪਾਸ ਫੈਟ ਨੂੰ ਰਾਸ਼ਨ ਵਿਚ ਵੱਧ ਮਾਤਰਾ ਵਿਚ ਬਿਨਾਂ ਕਿਸੇ ਮਾੜੇ ਪ੍ਰਭਾਵ ਦੇ ਮਿਲਾਇਆ ਜਾ ਸਕਦਾ ਹੈ ।

★ ਗਰਮੀ ਦੇ ਤਣਾਅ ਦੀਆਂ ਸਥਿਤੀਆਂ ਵਿਚ ਗਾਵਾਂ ਚਮੜੀ ਅਤੇ ਸਾਹ ਰਾਹੀਂ ਪਾਣੀ ਗੁਆ ਦਿੰਦੀਆਂ ਹਨ । ਇਸ ਲਈ ਇਹ ਜ਼ਰੂਰੀ ਹੈ ਕਿ ਠੰਡੇ, ਸਾਫ ਪਾਣੀ ਦੀ ਲੋੜੀਂਦੀ ਮਾਤਰਾ ਹਰ ਵੇਲੇ ਮੌਜੂਦ ਹੋਵੇ ।

**ਮਧੂ ਸ਼ੈਲੀ, ਡਾਇਰੈਕਟੋਰੇਟ ਪਸਾਰ ਸਿੱਖਿਆ, ਮੋਬਾਇਲ : 96434-42427**

## ਲਾਹੇਵੰਦ ਬੱਕਰੀ ਪਾਲਣ ਲਈ ਕੁਝ ਬੁਨਿਆਦੀ ਸੁਝਾਅ

★ ਬੱਕਰੀ ਪਾਲਣ ਵਿਗਿਆਨਕ ਢੰਗ ਨਾਲ ਕਰੋ ।

★ ਬੱਕਰੀ ਦੀ ਚੰਗੀ ਨਸਲ ਪਾਲੋ ਅਤੇ ਨਸਲਕਸ਼ੀ ਵਧੀਆ ਤਰੀਕੇ ਨਾਲ ਕਰੋ ।

★ ਇੰਨ-ਬਰੀਡਿੰਗ ਨਾ ਕਰੋ ਭਾਵ ਨੇੜੇ ਦੇ ਰਿਸ਼ਤੇਦਾਰ ਜਾਨਵਰਾਂ ਦਾ ਮਿਲਾਪ ਨਾ ਕਰੋ ।

★ ਬੀਟਲ ਨਸਲ ਦੇ ਪਸ਼ੂ ਨੂੰ ਬੀਟਲ ਨਾਲ ਹੀ ਮੇਲ ਕਰਾਓ ।



★ ਬੱਕਰੀ ਨੂੰ ਖੁਰਾਕ ਵਿਚ ਸੰਤੁਲਿਤ ਭੋਜਨ ਦਿਓ ਜਿਸ ਨਾਲ ਬੱਕਰੀਆਂ ਦੀ ਸਿਹਤ ਠੀਕ ਰਹਿੰਦੀ ਹੈ ।

★ ਖੁਰਾਕ ਵਿਚ ਨੀਰਾ, ਹਰਾ ਚਾਰਾ, ਸੁੱਕਾ ਚਾਰਾ, ਦਾਣਾ ਜਾਂ ਫੀਡ, ਸਾਈਲੇਜ ਅਤੇ ਦਰਖਤਾਂ ਦੇ ਪੱਤੇ ਆਦਿ ਦਿੱਤੇ ਜਾ ਸਕਦੇ ਹਨ । ਇਸ ਤੋਂ ਇਲਾਵਾ ਖੁਰਾਕ ਵਿਚ ਲੂਣ ਅਤੇ ਧਾਂਤਾਂ ਦਾ ਚੂਰਾ (ਮਿਨਰਲ ਮਿਕਸਚਰ) ਵੀ ਦਿਓ ।

★ ਬੱਕਰੀਆਂ ਨੂੰ ਸਾਫ-ਸੁਥਰੇ ਅਤੇ ਆਰਾਮਦਾਇਕ ਢਾਰੇ/ਸ਼ੈਡ ਅੰਦਰ ਰੱਖੋਂ । ਸਿੱਲੇ ਅਤੇ ਗਿੱਲੇ ਵਾਤਾਵਰਣ ਵਿਚ ਬੱਕਰੀ ਦੀ ਸਿਹਤ ਵਿਗੜ ਸਕਦੀ ਹੈ ।

★ ਗੱਭਣ ਬੱਕਰੀਆਂ ਨੂੰ ਸੂਣ ਤੋਂ 7-10 ਦਿਨ ਪਹਿਲਾਂ ਵੱਖਰੇ ਕਮਰੇ ਵਿਚ ਰੱਖੋ ।

★ ਨਵੇਂ ਜਨਮੇ ਛਲਾਰੂਆਂ ਨੂੰ ਬਹੁਲਾ/ਬਹੁਲੀ ਜ਼ਰੂਰ ਪਿਲਾਓ ।

★ ਬੱਕਰੀਆਂ ਦੀ ਸਿਹਤ ਠੀਕ ਰਹੇ ਇਸ ਲਈ ਨਿਯਮਿਤ ਤੌਰ 'ਤੇ ਕਿਰਮ ਰਹਿਤ ਕਰਦੇ ਰਹੋ ਭਾਵ ਡੀਵਾਰਮਿੰਗ ਕਰਦੇ ਰਹੋ ।

★ ਲਾਗ ਜਾਂ ਛੂਤ ਦੀਆਂ ਬਿਮਾਰੀਆਂ ਜਿਵੇਂ ਕਿ ਮੂੰਹ ਖੁਰ, ਇਨਟੈਰੋ ਟੋਕਮੀਆਂ ਆਦਿ ਤੋਂ ਬਚਾਅ ਦੇ ਟੀਕੇ (ਵੈਕਸੀਨੇਸ਼ਨ) ਲਗਵਾਓ ।

★ ਬੱਕਰੀਆਂ ਦੀ ਖੁਰਾਕ ਵਿਚ ਅਚਾਨਕ ਬਦਲਾਅ ਤੋਂ ਪਰਹੇਜ ਕਰੋ ਅਤੇ ਕੋਈ ਵੀ ਖੁਰਾਕੀ ਤਬਦੀਲੀ ਹੌਲੀ-ਹੌਲੀ ਕਰੋ ।

★ ਕਦੇ ਵੀ ਬਿਨਾਂ ਵਿਗਿਆਨਕ ਜਾਣਕਾਰੀ ਜਾਂ ਟ੍ਰੇਨਿੰਗ ਲਏ ਬਿਨਾਂ ਇਹ ਕਿੱਤਾ ਨਾ ਕਰੋ ।

★ ਬੱਕਰੀ ਪਾਲਣ ਦੀ ਟ੍ਰੇਨਿੰਗ ਲਈ ਆਪਣੇ ਜ਼ਿਲ੍ਹੇ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਵਿਖੇ ਸੰਪਰਕ ਕਰੋ ।

**ਮੁਨੀਸ਼ ਕੁਮਾਰ ਅਤੇ ਅਜੇ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ, ਫਿਰੋਜ਼ਪੁਰ (ਮੋ. 94637-21182)**

# ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਨਵੀਂ ਤੇ ਸਸਤੀ ਅਤੇ ਛੋਟੇ ਵੱਡੇ ਟਰੈਕਟਰ ਨਾਲ ਚੱਲਣ ਵਾਲੀ ਤਕਨੀਕ ਸਰਫੇਸ ਸੀਡਰ ਨਾਲ ਕਣਕ ਦੀ ਬਿਜਾਈ ਕਰਨ ਵਾਲੇ ਬਲਾਕ ਕਾਹਨੂੰਵਾਨ ਦੇ 8 ਕਿਸਾਨਾਂ ਨੇ ਦੱਸੇ ਪਹਿਲਾਂ ਡਰ ਤੇ ਬਾਅਦ ਸੰਤੁਸ਼ਟੀ ਵਾਲੇ ਬਿਜਾਈ ਦੇ ਤਜ਼ਰਬੇ


ਦੋਸਤੋ ਸਮੇਂ ਦਰ ਸਮੇਂ ਨਾਲ ਖੇਤੀ ਬਿਜਾਈ, ਸਪਰੇਆਂ, ਖਾਦ ਖਿਲਾਰਣ, ਫਸਲ ਵਾਢੀ ਤੇ ਹੋਰ ਖੇਤੀਬਾੜੀ ਖੇਤਰ 'ਚ ਛੋਟੀਆਂ ਵੱਡੀਆਂ ਮਸ਼ੀਨਾਂ ਕਿਸਾਨਾਂ ਦੇ ਖੇਤੀ ਦੇ ਕੰਮ ਸੁਖਾਲੇ ਕਰਨ ਲਈ ਆਉਂਦੀਆਂ ਹਨ। ਇਸ ਵਾਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਖੇਤੀ ਮਾਹਿਰਾਂ ਵੱਲੋਂ ਨਵੀਂ ਤਕਨੀਕ ਸਰਫੇਸ ਸੀਡਰ ਨਾਲ ਕਣਕ ਦੀ ਬਿਜਾਈ ਦੀ ਸਿਫਾਰਸ਼ ਕਰਕੇ ਕਿਸਾਨਾਂ ਨੂੰ ਸਸਤੀ ਤੇ ਟਿਕਾਊ ਅਤੇ ਹਰੇਕ ਛੋਟੇ ਵੱਡੇ ਟਰੈਕਟਰ 'ਤੇ ਚੱਲਣ ਵਾਲੀ ਤੇ ਹਰੇਕ ਕਿਸਾਨ ਲਈ ਲਾਹੇਵੰਦ ਹੋਣ ਬਾਰੇ ਦੱਸਿਆ ਗਿਆ। ਹਾਲਾਂਕਿ ਇਸ ਤਕਨੀਕ ਸਰਫੇਸ ਸੀਡਰ ਨਾਲ ਖਾਸੀਅਤ ਇਹ ਜੋੜੀ ਗਈ ਕਿ ਫਸਲ ਦੇ ਖੜ੍ਹੇ ਮੁੱਢ ਵਿਚ ਹਲਕੇ ਛੋਟੇ ਵੱਡੇ ਟਰੈਕਟਰ ਨਾਲ ਬਿਨਾਂ ਖੇਤ ਵਹਾਈ ਤੋਂ ਦਾਣਾ ਕੇਰ ਕੇ ਕੇਵਲ 800 ਤੋਂ 1000 ਰੁਪਏ ਕਿਰਾਏ ਤੇ ਜੇਕਰ ਸਰਫੇਸ ਸੀਡਰ ਆਪਣਾ ਹੈ ਤਾਂ ਕੇਵਲ 500/- ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਕੀਤੀ ਜਾ ਸਕਦੀ ਹੈ। ਬਹੁਤੇ ਕਿਸਾਨ ਜੋ ਪਹਿਲਾਂ ਜਿਹੜੇ ਜਾਗਰੂਕ ਸਨ ਜਾਂ ਖੇਤੀ ਸੰਸਥਾਵਾਂ ਨਾਲ ਜੁੜੇ ਸਨ, ਉਹਨਾਂ ਵੀ ਬਿਜਾਈ ਪਹਿਲੀ ਵਾਰ ਕਰਵਾਈ। ਜਿਨ੍ਹਾਂ ਦੇ ਸ਼ੁਰੂਆਤ 'ਚ ਨਵੀਂ ਤਕਨੀਕ ਤੇ ਜ਼ਮੀਨ ਦੇ ਉੱਪਰ ਦਾਣਾ ਦੇ ਰਿਸਕ ਨਾਲ ਸ਼ੁਰੂਆਤ ਕਰਕੇ ਅੱਜ ਮੀਂਹ ਹਨੇਰੀ 'ਚ ਵੀ ਖੜ੍ਹੀ ਫਸਲ ਦੇਖ ਹੈਰਾਨ ਹੁੰਦਿਆਂ ਤੇ ਲੰਮੇ ਸਿੱਟੇ ਦੇਖਣ ਨਾਲ ਚੰਗੇ ਨਤੀਜਿਆਂ ਨਾਲ ਚਿਹਰੇ ਜ਼ਰੂਰ ਖਿੜੇ ਦਿਖੇ ਹਨ। ਖੇਤ ਵਿਚ ਜ਼ਿਆਦਾ ਪਰਾਲੀ ਖਿਲਰੀ ਹੋਣ ਕਰਕੇ ਕੇਵਲ ਪਹਿਲੇ 15 ਦਿਨ ਡਰ ਦੇ ਨਿਕਲਣ ਤੋਂ ਬਾਅਦ ਫਸਲ ਦੇ ਬੂਟੇ ਦਿਖਣ ਤੇ ਨਦੀਨਾਂ ਦੀ ਵੀ ਤੇ ਨਾਲ ਕੀਟਾਂ ਆਦਿ ਦੀ ਕੋਈ ਸਮੱਸਿਆ ਨਹੀਂ ਆਈ ਤੇ ਫਜ਼ੂਲ ਖਰਚ ਸਪਰੇਅ ਆਦਿ ਦੀ ਲੋੜ ਨਹੀਂ ਪਈ। ਬਹੁਤੇ ਕਿਸਾਨਾਂ ਤਾਂ ਸਰਕਾਰ ਨੂੰ ਮਸ਼ੀਨਾਂ ਪੰਚਾਇਤਾਂ 'ਚ ਸਬਸਿਡੀ ਤੇ ਦੇਣ ਦੀ ਸਲਾਹ ਤੱਕ ਦਿੱਤੀ ਹੈ। ਤਕਰੀਬਨ ਬਹੁਤੇ ਕਿਸਾਨ ਖੇਤੀ ਯੂਨੀਵਰਸਿਟੀ ਅਤੇ ਖੇਤੀਬਾੜੀ ਵਿਭਾਗ ਦੀ ਸਿਫਾਰਸ਼ ਦੀ ਜਮ ਕੇ ਤਾਰੀਫ ਕਰ ਰਹੇ ਹਨ।



**ਕਮਲਇੰਦਰਜੀਤ ਸਿੰਘ ਬਾਜਵਾ**
**ਬਲਾਕ ਟੈਕਨੋਲੋਜੀ ਮੈਨੇਜਰ,**
**ਖੇਤੀਬਾੜੀ ਵਿਭਾਗ, ਕਾਹਨੂੰਵਾਨ,**
**ਜ਼ਿਲ੍ਹਾ ਗੁਰਦਾਸਪੁਰ**
ਮੋ. 98150-82401

## ਸੁਪਰਸੀਡਰ ਨਾਲੋਂ ਸਰਫੇਸ ਸੀਡਰ ਘੱਟ ਖਰਚੇ ਤੇ ਬਿਜਾਈ ਵਾਲੀ ਫਸਲ ਮੀਂਹ ਹਨ੍ਹੇਰੀ 'ਚ ਰਹੀ ਖੜ੍ਹੀ, ਬਹੁਤੇ ਕਿਸਾਨਾਂ ਐਫ.ਪੀ.ਓ. ਰਾਹੀਂ 80 ਫੀਸਦੀ ਸਹੂਲਤ ਲੈ ਕੀਤੀ ਆਪਣੀ ਤੇ ਨੇੜਲੇ ਪਿੰਡਾਂ 'ਚ ਕਿਰਾਏ ਤੇ ਬਿਜਾਈ










## ਆਓ ਗੱਲ ਕਰੀਏ ਏਨਾਂ ਕਿਸਾਨਾਂ ਨਾਲ

1. **ਗੁਰਦਿਆਲ ਸਿੰਘ ਪਿੰਡ ਸੱਲੋਪੁਰ** (94632-26244) ਨੇ ਕਿਹਾ ਕਿ ਮੈਂ ਆਪਣੀ ਐਫ ਪੀ ਓਜ਼ 'ਚ 80 ਫੀਸਦੀ ਸਬਸਿਡੀ ਨਾਲ ਸਰਫੇਸ ਸੀਡਰ ਖਰੀਦਿਆ। ਅਸੀਂ ਆਪਣੇ ਖੇਤਾਂ 'ਚ ਕਣਕ ਦੀ ਬਿਜਾਈ ਹੈਪੀ ਸੀਡਰ, ਸੁਪਰ ਸੀਡਰ ਤੇ ਨਵੀਂ ਤਕਨੀਕ ਸਰਫੇਸ ਸੀਡਰ ਨਾਲ ਤਿੰਨੋਂ ਮਸ਼ੀਨਾਂ ਨਾਲ ਬਿਜਾਈ ਕੀਤੀ। ਸਰਫੇਸ ਸੀਡਰ ਤੇ ਹੈਪੀ ਸੀਡਰ ਨਾਲ ਕਣਕ ਬਿਲਕੁਲ ਤੰਦਰੁਸਤ ਤੇ ਵਧੀਆ ਖੇਤ 'ਚ ਖੜ੍ਹੀ ਹੈ। ਜਦਕਿ ਸੁਪਰ ਸੀਡਰ ਨਾਲ ਬਿਜਾਈ ਵਾਲੀ ਕਣਕ ਦੀ ਫਸਲ ਖਰਾਬ ਮੌਸਮ ਮੀਂਹ ਹਨੇਰੀ 'ਚ ਡਿੱਗ ਪਈ। ਅਸੀਂ 5 ਏਕੜ ਰਕਬੇ ਵਿਚ ਆਪਣੀ ਸਰਫੇਸ ਸੀਡਰ ਦੀ ਬਿਜਾਈ ਤੋਂ ਤੁਰੰਤ ਬਾਅਦ ਪਾਣੀ ਲਗਾਇਆ ਤਾਂ ਜੋ ਚੰਗੀ ਜਰਮੀਨੇਸ਼ਨ ਹੋ ਸਕੇ। ਬਹੁਤੇ ਪਿੰਡ ਦੇ ਬੰਦੇ ਕਹਿੰਦੇ ਸਨ ਕਿ ਉਪਰ ਤੁਰਦੇ ਫਿਰਤੇ ਬੀਜ ਦਾ ਨੁਕਸਾਨ ਹੋਵੇਗਾ। ਉਹਨਾਂ ਲੋਕਾਂ ਨੇ ਬਾਅਦ 'ਚ ਫਸਲ ਦੇਖ ਕੇ ਆਪ ਤਸੱਲੀ ਦਾ ਪ੍ਰਗਟਾਵਾ ਕੀਤਾ। ਅਸੀਂ ਆਪਣੇ ਨੇੜਲੇ ਪਿੰਡਾਂ 'ਚ ਕੁੱਲ 30 ਏਕੜ ਰਕਬੇ ਦੀ ਬਿਜਾਈ ਕਿਰਾਏ ਤੇ ਕੀਤੀ। ਗੁਰਦਿਆਲ ਸਿੰਘ ਨੇ ਕਿਹਾ ਕਿ ਜ਼ਮੀਨ ਦੇ ਵਿਚ ਕੱਟ ਜਾਂ ਪਾੜ ਜਾਂ ਲਾਇਨਾਂ ਨਾ ਹੋਣ ਤਾਂ ਜੋ ਲੰਮੇ ਸਮੇਂ ਉਸ ਵਿਚ ਪਾਣੀ ਖਲੋਣ ਨਾਲ ਦਾਣੇ ਦਾ ਨੁਕਸਾਨ ਹੋਵੇਗਾ। ਜੇਕਰ ਜ਼ਮੀਨ ਇਕਸਾਰ ਪੱਧਰ ਤੇ ਹੈ ਤਾਂ ਬਿਜਾਈ ਚੰਗੀ ਹੋਵੇਗੀ। ਅਸੀਂ ਸਰਫੇਸ ਸੀਡਰ ਤੇ ਹੈਪੀ ਸੀਡਰ ਵਾਲੀ ਫਸਲ ਨੂੰ ਨਾ ਕੋਈ ਸਪਰੇਅ ਕੀਤੀ ਨਾ ਕੋਈ ਕੀਟ ਪਿਆ, ਨਾ ਡਿੱਗੀ। ਸੁਪਰ ਸੀਡਰ ਨਾਲ ਬੀਜੀ ਕਣਕ ਨੂੰ ਸਭ ਸਮੱਸਿਆ ਆਈਆਂ ਤੇ ਸਪਰੇਅ ਕੀਤੀਆਂ। ਨਵੀਂ ਤਕਨੀਕ ਸਰਫੇਸ ਸੀਡਰ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਸਸਤੀ ਤੇ ਟਿਕਾਊ ਤਕਨੀਕੀ ਹੈ, ਜੋ 35 ਹਾਰਸ ਪਾਵਰ ਦੇ ਟਰੈਕਟਰ ਨਾਲ ਵੀ ਚੱਲਦਾ ਹੈ ਛੋਟੇ ਵੱਡੇ ਸਾਰੇ ਕਿਸਾਨ ਵੀਰਾਂ ਨੂੰ ਫਾਇਦਾ ਹੈ। ਉਹਨਾਂ ਕਿਹਾ ਕਿ ਏਸ ਦਾ ਬਹੁਤਾ ਖਰਚ ਨਹੀਂ ਜੇਕਰ ਸਰਫੇਸ ਸੀਡਰ ਆਪਣਾ ਹੋਵੇ ਤਾਂ 500 ਰੁਪਏ 'ਚ ਬਿਜਾਈ ਏਕੜ ਦੀ ਹੋ ਜਾਂਦੀ ਹੈ। ਏਹੀ ਸਰਫੇਸ ਸੀਡਰ ਜੇਕਰ ਕਿਰਾਏ ਤੇ ਹੈ ਤਾਂ 800-1000 ਨਾਲ ਬਿਜਾਈ ਹੋ ਜਾਂਦੀ ਹੈ। ਜਦਕਿ ਸੁਪਰ ਸੀਡਰ ਨਾਲ ਬਿਜਾਈ ਦਾ 2000-2500/- ਰੁਪਏ ਤੱਕ ਲੱਗਦੇ ਹਨ, ਫੇਰ ਸਪਰੇਆਂ, ਡੀਜ਼ਲ ਦੇ ਸਭ ਖਰਚ ਅਲੱਗ। ਸਰਫੇਸ ਸੀਡਰ ਨਾਲ ਇਹ ਸਾਰੇ ਖਰਚ ਬਚਦੇ ਹਨ।

2. **ਸੁਖਵਿੰਦਰਪਾਲ ਸਿੰਘ ਪਿੰਡ ਕੱਲੂ ਸੋਹਲ** (98153-49674) ਨੇ ਕਿਹਾ ਕਿ ਮੈਂ ਆਪਣਾ ਸਰਫੇਸ ਸੀਡਰ 80 ਫੀਸਦੀ ਸਬਸਿਡੀ ਤੇ ਐਫ ਪੀ ਓਜ਼ ਦੇ ਅਧੀਨ ਲਿਆ। ਆਪਣੇ ਖੇਤਾਂ 'ਚ 3 ਏਕੜ ਰਕਬੇ 'ਚ 272 ਕਿਸਮ ਨਾਲ ਬਿਜਾਈ ਕੀਤੀ ਅਤੇ ਆਪਣੇ ਨੇਤਲੇ ਪਿੰਡਾਂ ਚ ਕੁੱਲ 20 ਏਕੜ ਕਿਰਾਏ ਤੇ ਬਿਜਾਈ ਕੀਤੀ। ਸੁਖਵਿੰਦਰਪਾਲ ਸਿੰਘ ਨੇ ਕਿਹਾ ਕਿ ਮੈਂ ਦੋਨਾਂ ਤਕਨੀਕਾਂ ਸਰਫੇਸ ਸੀਡਰ ਤੇ ਸੁਪਰਸੀਡਰ ਨਾਲ ਬਿਜਾਈ ਕੀਤੀ। ਜਦਕਿ ਸਰਫੇਸ ਸੀਡਰ ਨਾਲ ਬਿਜਾਈ ਵਾਲੀ ਫਸਲ ਖਰਾਬ ਮੌਸਮ ਵਿਚ ਫਸਲ ਖੜ੍ਹੀ ਸੀ। ਪਰ ਸੁਪਰ ਸੀਡਰ ਵਾਲੀ ਤਕਰੀਬਨ ਡਿੱਗ ਪਈਆਂ ਸਨ। ਉਹਨਾਂ ਕਿਹਾ ਕਿ ਮੈਂ ਬਿਜਾਈ ਦੇ ਅਗਲੇ ਦਿਨ ਦਾਣਾ ਜਮਾਉਣ ਲਈ ਪਾਣੀ ਲਗਾਇਆ। ਨਦੀਨਾਂ, ਕੀਟਾਂ, ਚੂਹੇ ਦੀ ਕੋਈ ਸਮੱਸਿਆ ਨਹੀਂ ਤੇ ਨਾ ਹੀ ਕੋਈ ਸਰਫੇਸ ਸੀਡਰ ਤੇ ਸਪਰੇਅ ਕੀਤੀ। ਹਾਲਾਂਕਿ ਸੁਪਰਸੀਡਰ 'ਚ ਬਥੇਰੀਆਂ ਸਨ। ਕਿਸਾਨ ਨੇ ਕਿਹਾ ਕਿ ਜ਼ਮੀਨ ਸੁੱਕੀ ਹੋਣੀ ਚਾਹੀਦੀ ਹੈ। ਮੁੱਢ ਸੁੱਕੇ ਜਾਂ ਗਿੱਲੇ ਦੀ ਕੋਈ ਚਿੰਤਾ ਨਹੀਂ। ਅਸੀਂ ਟਾਇਰ ਤੇ ਬੀਜ ਦੀ ਸੈਟਿੰਗ ਕੀਤੀ। ਅਸੀਂ ਵੀ ਪਹਿਲੀ ਵਾਰ ਨਵੀਂ ਤਕਨੀਕ ਅਪਣਾਈ। ਸਾਨੂੰ ਖੁਦ ਨੂੰ ਨਵੀਂ ਤਕਨੀਕ ਸਰਫੇਸ ਸੀਡਰ ਰਾਹੀਂ ਬਿਜਾਈ ਦੀ ਜ਼ਿਆਦਾ ਚਿੰਤਾ ਸੀ, ਕਿ ਕੀਤੇ ਫਸਲ ਧੋੜੀਆਂ 'ਚ ਹੀ ਉੱਗੇ, ਹਾਲਾਂਕਿ ਬਹੁਤ ਸਾਰੇ ਕਿਸਾਨ ਸਾਡੇ ਦੁਆਰਾ ਏਸ ਨਾਲ ਬਿਜਾਈ ਕਰ ਚੁੱਕੇ ਸਨ। ਅਸੀਂ ਖੁਦ ਡਰਦੇ ਸਾਂ। ਪਰਾਲੀ 'ਚੋਂ ਬੂਟਾ ਬਾਹਰ ਨਿਕਲਦਾ ਦੇਖ ਉਹਨਾਂ ਕਿਹਾ ਕਿ ਬਈ ਤਕਨੀਕ ਕਾਮਯਾਬ ਹੈ। ਉਹਨਾਂ ਕਿਹਾ ਕਿ ਸੁਪਰ ਸੀਡਰ 2500 ਰੁਪਏ ਨਾਲ ਏਕੜ ਦੀ ਬਿਜਾਈ ਨਾਲ ਨਿਬੜਦਾ, ਤੇ ਇਹ ਸਾਰਾ ਖਰਚ 1000-1500/- ਚ ਪੈਂਦਾ। ਸੁਖਵਿੰਦਰਪਾਲ ਸਿੰਘ ਨੇ ਕਿਹਾ ਹੈ ਕਿ ਕਿਸਾਨਾਂ ਨੂੰ ਇਹ ਸਸਤੀ ਤਕਨੀਕ ਅਪਣਾਉਣ ਦੀ ਲੋੜ ਹੈ ਜੋ ਸੁਪਰ ਸੀਡਰ ਨਾਲੋਂ ਕਿਸੇ ਸਸਤੀ, ਖੇਤ ਵਹਾਉਣ ਦੀ ਲੋੜ ਨਹੀਂ, ਨਦੀਨਾਂ ਦੀ ਸਪਰੇਆਂ ਦੀ ਲੋੜ ਨਹੀਂ ਪਰਾਲੀ ਨੂੰ ਅੱਗ ਲਗਾਉਣ ਦੀ ਲੋੜ ਨਹੀਂ ਪੈਂਦੀ, ਛੋਟੇ ਟਰੈਕਟਰ ਨਾਲ ਚੱਲਦੀ। ਸਰਕਾਰ ਨੂੰ ਚਾਹੀਦਾ ਕਿ ਇਸ ਤੇ ਸਬਸਿਡੀ ਜ਼ਿਆਦਾ ਦੇ ਕਿਸਾਨ ਭਰਾਵਾਂ ਦੇ ਖਰਚ ਘਟਾਉਣ ਲਈ ਅੱਗੇ ਆਵੇ। ਅਸੀਂ ਇਸ ਬਿਜਾਈ ਤੇ ਹੋਰਨਾਂ ਤਕਨੀਕ ਨਾਲੋਂ ਬੇਹਤਰ ਸੰਤੁਸ਼ਟ ਹਾਂ।

3. **ਨਵਜੋਤ ਸਿੰਘ ਪਿੰਡ ਸੱਲੋਪੁਰ** (84375-75061) ਨੇ ਦੱਸਿਆ ਕਿ ਮੈਂ ਆਪਣੇ ਖੁਦ ਦੇ 8 ਏਕੜ ਰਕਬੇ 'ਚ ਆਪਣੇ ਨੇੜਲੇ ਪਿੰਡਾਂ 'ਚ 10 ਏਕੜ ਰਕਬੇ 'ਚ ਨਵੀਂ ਤਕਨੀਕ ਸਰਫੇਸ ਸੀਡਰ ਨਾਲ ਬਿਜਾਈ ਕੀਤੀ। ਅਸੀਂ ਐਫ ਪੀ ਓਜ਼ ਅਧੀਨ 80 ਫੀਸਦੀ ਸਬਸਿਡੀ ਨਾਲ ਲਿਆ। ਉਹਨਾਂ ਕਿਹਾ ਕਿ ਮੈਂ ਪਹਿਲਾ ਪਾਣੀ ਦਾਣਾ ਜਮਾਉਣ ਲਈ ਤੁਰੰਤ ਲਗਾਇਆ ਅਤੇ ਪਾਣੀ ਕਰਕੇ ਚੂਹਾ ਵੀ ਨਹੀਂ ਪੈਂਦਾ, ਅਸੀਂ ਕੁੱਲ ਤਿੰਨ ਫਸਲ ਨੂੰ ਪਾਣੀ ਲਗਾਏ। ਮੇਰੇ ਲਾਗੇ ਸੁਪਰ ਸੀਡਰ ਨਾਲ ਬੀਜੀ ਕਣਕ ਮੌਸਮ ਦੇ ਖਰਾਬ ਕਰਕੇ ਡਿੱਗ ਪਈ ਪਰ ਸਾਡੇ ਵਾਲੀਆਂ ਸਰਫੇਸ ਸੀਡਰ ਨਾਲ ਖੜ੍ਹੀ ਹੈ ਜੋ ਕਿ ਖਾਸ ਹੈ। ਪਰਾਲੀ ਉਪਰ ਵਿਛਣ ਕਰਕੇ ਪਹਿਲਾਂ ਤਾਂ ਪੰਛੀਆਂ ਦੇ ਚੁੱਗਣ ਦੀ ਸਮੱਸਿਆ ਨਹੀਂ ਦੂਜੀ ਏਸੇ ਕਰਕੇ ਨਦੀਨਾਂ ਦੀ ਸਮੱਸਿਆ ਨਹੀਂ ਆਈ, ਜਿਸ ਕਰੇ ਸਪਰੇਅ ਦਾ ਖਰਚ ਬਚਿਆ। ਪਰਾਲੀ ਕਰਕੇ ਹਰੀ ਖਾਦ ਬਣੀ ਜਿਸ ਕਰਕੇ ਯੂਰੀਆ ਖਾਦ ਵੀ ਘਟਾਈ। ਦੂਜੇ ਪਾਣੀ ਤੋਂ ਬਾਅਦ ਪਰਾਲੀ ਗਲ ਗਈ। ਸਿੱਟੇ ਲੰਮੇ ਸਨ ਮੈਂ ਬੀਜ ਮਿਕਸ ਕਰਕੇ ਬੀਜੇ 1001, 869, 332 ਕਿਸਮ। ਸਰਫੇਸ ਸੀਡਰ ਦੀ ਬਿਜਾਈ ਲਈ ਮੁੱਢ ਸੁੱਕੇ ਜਾਂ ਗਿੱਲੇ ਦਾ ਕੋਈ ਮਸਲਾ ਨਹੀਂ। ਅਸੀਂ ਟਾਇਰ ਤੇ ਦਾਣਿਆਂ ਦੀ ਅਡਜੱਸਟਮੈਂਟ 40 ਕਿਲੋ ਕੇਰਨ ਦੇ ਹਿਸਾਬ ਨਾਲ ਕੀਤੀ। ਨਵਜੋਤ ਸਿੰਘ ਨੇ ਦੱਸਿਆ ਕਿ ਚਾਰ ਕੁ ਲੀਟਰ ਤੇਲ ਨਾਲ ਤਕਰੀਬਨ ਕਵਰ ਹੋ ਜਾਂਦਾ। ਬਿਜਾਈ ਕੇਵਲ 20 ਮਿੰਟ ਵਿਚ ਤੇ 800-1000/- ਰੁਪਏ ਵਿਚ ਹੋ ਜਾਂਦੀ ਹੈ। ਉਹਨਾਂ ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਕਿ ਸਰਫੇਸ ਸੀਡਰ ਦੀ ਬਿਜਾਈ ਵੱਲ ਆਉਣ ਦੀ ਲੋੜ ਹੈ ਛੋਟੇ ਟਰੈਕਟਰ 'ਤੇ ਘੱਟ ਖਰਚੇ, ਨਦੀਨਨਾਸ਼ਕਾਂ ਦੀ ਵਰਤੋਂ ਨਹੀਂ ਹੁੰਦੀ। ਨਵਜੋਤ ਸਿੰਘ ਸੱਲੋਪੁਰ ਨੇ ਸਰਕਾਰਾਂ ਨੂੰ ਅਪੀਲ ਕੀਤੀ ਕਿ ਕਿਸਾਨਾਂ ਨੂੰ ਵਧੇਰੇ ਸਬਸਿਡੀ ਦੇ ਕੇ ਅਜਿਹੇ ਸੰਦ ਵਧਾਉਣ ਦੀ ਲੋੜ ਹੈ।

4. **ਮਨਦੀਪ ਕੁਮਾਰ ਪਿੰਡ ਧਾਰੀਵਾਲ ਭੋਜਾ** (70094-46766) ਨੇ ਕਿਹਾ ਕਿ ਮੈਂ ਪਹਿਲੀ ਵਾਰ ਸਰਫੇਸ ਸੀਡਰ ਨਾਲ 2.5 ਏਕੜ 'ਚ ਬਿਜਾਈ ਕੀਤੀ ਜੋ ਲਾਜਵਾਬ ਤੇ ਸਸਤੀ ਰਹੀ। ਅਸੀਂ ਦੋ ਕਿਸਮਾਂ ਮਿਕਸ ਕੀਤੀਆਂ 187 ਤੇ 272 ਸਨ। ਜਦਕਿ ਸੁੱਪਰਸੀਡਰ ਨਾਲ ਕੀਤੀ ਬਿਜਾਈ ਵਾਲੀ ਕਣਕ 1 ਏਕੜ ਸੀ ਜੋ ਕਾਫੀ ਡਿੱਗ ਪਈ ਸੀ, ਪਰ ਉਪਰਲੇ ਪੱਧਰ ਤੇ ਸਰਫੇਸ ਸੀਡਰ ਨਾਲ ਬੀਜੀ ਕਣਕ ਬਿਲਕੁਲ ਖੜ੍ਹੀ ਰਹੀ ਹੈ। ਉਹਨਾਂ ਕਿਹਾ ਕਿ ਸਰਫੇਸ ਸੀਡਰ ਨਾਲ ਬੀਜੀ ਕਣਕ ਨੂੰ ਤੁਰੰਤ ਬਿਜਾਈ ਦੇ ਨਾਲ ਦਾਣਾ ਜਮਾਉਣ ਲਈ ਪਾਣੀ ਲਗਾਇਆ ਜਦਕਿ ਅਸੀਂ ਏਸ ਤੇ ਅਸੀਂ ਕੋਈ ਨਦੀਨਾਂ ਦੀ ਸਪਰੇਅ ਨਹੀਂ ਕੀਤੀ ਤੇ ਤੀਜੇ ਪਾਣੀ ਤੱਕ ਪਰਾਲੀ ਗੱਲ ਗਈ ਸੀ ਤੇ ਖਾਦ ਵੀ ਘੱਟ ਪਾਈ। ਉਹਨਾਂ ਦੱਸਿਆ ਕਿ ਪਹਿਲੇ 15 ਦਿਨ ਡਰ ਜ਼ਰੂਰ ਸੀ ਕਿਉਂਕਿ ਜ਼ਿਆਦਾ ਕਰਕੇ ਦਿਸਦੀ ਨਹੀਂ ਸੀ। ਬਾਅਦ 'ਚ ਦਿਸਣ ਨਾਲ ਚੰਗਾ ਲੱਗਾ। ਉਹਨਾਂ ਕਿਹਾ ਕਿ ਸਰਫੇਸ ਸੀਡਰ ਨੂੰ ਮੁੱਢ ਸੁੱਕੇ ਹੋਣ ਜਾਂ ਗਿੱਲੇ ਕੋਈ ਪ੍ਰਵਾਹ ਨਹੀਂ। ਉਹਨਾਂ ਕਿਹਾ ਕਿ ਏਸ ਮਸ਼ੀਨ ਨਾਲ ਆਰਥਿਕ ਤੌਰ ਤੇ ਕਿਸਾਨ ਨੂੰ ਫਾਇਦਾ ਹੋਵੇਗਾ ਤੇ ਖਰਚ ਬਚਣਗੇ ਸਪਰੇਆਂ, ਡੀਜ਼ਲ, ਖਾਦਾਂ ਦੇ। ਅਸੀਂ 1000/- ਰੁਪਏ ਪ੍ਰਤੀ ਏਕੜ ਕਿਰਾਇਆ ਦਿੱਤਾ ਪਰ ਪਿਛਲੀ ਵਾਰ ਅੱਗ ਲਗਾਈ ਸੀ ਹੁਣ ਪਤਾ ਲੱਗਾ ਕਿ ਏਸ ਤਕਨੀਕੀ ਨਾਲ ਪਰਾਲੀ ਸੰਭਾਲਣ ਦਾ ਕੋਈ ਝੰਜਟ ਨਹੀਂ। ਮਨਦੀਪ ਨੇ ਕਿਹਾ ਕਿ ਸਰਕਾਰ ਨੂੰ ਪੰਚਾਇਤਾਂ 'ਚ ਇਹ ਮਸ਼ੀਨਾਂ ਵਧੇਰੇ ਦੇਣੀਆਂ ਚਾਹੀਦੀਆਂ ਹਨ।

5. **ਜਸਬੀਰ ਸਿੰਘ ਪਿੰਡ ਨਾਨੋਵਾਲ ਖੁਰਦ** (98723-92785) ਨੇ ਕਿਹਾ ਕਿ ਮੈਂ 2 ਏਕੜ ਰਕਬੇ 'ਚ ਟਰਾਇਲ ਕੀਤਾ ਆਪਣੇ ਕਿਸੇ ਨਜ਼ਦੀਕੀ ਦੇ ਕਹਿਣ 'ਤੇ। ਉਹਨਾਂ ਕਿਹਾ ਕਿ ਏਸ ਤਰ੍ਹਾਂ ਬਿਜਾਈ ਪਹਿਲੀ ਵਾਰ ਕੀਤੀ ਪਰ ਹੈਰਾਨ ਸੀ ਕਿ ਬਾਕੀ ਸਭ ਖਰਾਬ ਮੌਸਮ ਕਰਕੇ ਡਿੱਗ ਪਈਆਂ ਪਰ ਇਸ ਸਰਫੇਸ ਸੀਡਰ ਵਾਲੀ ਕਣਕ ਖੜ੍ਹੀ ਸੀ। ਇਸ ਨਾਲ ਖਰਚ ਬਚਿਆ ਪਹਿਲਾ ਨਦੀਨਾਂ ਦੀ ਕੋਈ ਸਪਰੇਅ ਨਹੀਂ, ਦੂਜੀ ਸਸਤੀ ਤਕਨੀਕ ਨਾਲ ਤੇਲ ਦਾ ਖਰਚ ਖੱਪਾਈ ਖੇਤ ਵਹਾਉਣ ਦੀ ਮੁੱਕੀ। ਜਿੱਥੇ ਪਰਾਲੀ ਨਹੀਂ ਖਿਲਰੀ ਉੱਥੇ ਨਦੀਨਾਂ ਦੀ ਸਮੱਸਿਆ ਆਈ

**ਬਾਕੀ ਸਫਾ 14 'ਤੇ**

# ਨਵਾਂ ਬਾਗ ਲਗਾਉਣ ਸਮੇਂ ਧਿਆਨ ਦੇਣਯੋਗ ਜ਼ਰੂਰੀ ਤਕਨੀਕੀ ਨੁਕਤੇ

ਡਾ. ਸਵਰਨ ਸਿੰਘ ਮਾਨ,
ਉਪ ਡਾਇਰੈਕਟਰ ਬਾਗਬਾਨੀ
(ਰਿਟਾਇਰਡ), ਪਟਿਆਲਾ
(ਮੋ. 75080-18903)

ਫਲਦਾਰ ਬੂਟੇ ਦੋ ਕਿਸਮ ਦੇ ਹੁੰਦੇ ਹਨ । ਪਹਿਲੇ ਸਦਾਬਹਾਰ ਬੂਟੇ ਜਿਵੇਂ ਅੰਬ, ਅਮਰੂਦ, ਕਿੰਨੂ, ਮਾਲਟਾ, ਲੀਚੀ ਆਦਿ ਅਤੇ ਦੂਸਰੇ ਪੱਤਝੜ ਵਾਲੇ ਬੂਟੇ ਜਿਨ੍ਹਾਂ ਦੇ ਪੱਤੇ ਸਰਦੀਆਂ ਵਿਚ ਝੜ ਜਾਂਦੇ ਹਨ, ਜਿਵੇਂ ਆੜੂ, ਨਾਖ / ਬਗੂਗੋਸ਼ਾ, ਅੰਗੂਰ, ਅਨਾਰ, ਆਲੂ ਬੁਖਾਰਾ, ਫਾਲਸਾ, ਅੰਜੀਰ ਆਦਿ । ਸਦਾਬਹਾਰ ਬੂਟੇ ਆਮ ਤੌਰ 'ਤੇ ਜੁਲਾਈ, ਅਗਸਤ ਅਤੇ ਸਤੰਬਰ ਮਹੀਨੇ ਸਫਲਤਾ-ਪੂਰਵਕ ਉਗਾਏ ਜਾ ਸਕਦੇ ਹਨ, ਪਰ ਪੱਤਝੜ ਵਾਲੇ ਬੂਟੇ ਜਨਵਰੀ, ਫਰਵਰੀ ਮਹੀਨੇ ਵਿੱਚ ਆਸਾਨੀ ਨਾਲ ਉਗਾਏ ਜਾ ਸਕਦੇ ਹਨ ।

ਉਕਤ ਬੂਟੇ ਬਾਗਬਾਨੀ ਮਾਹਿਰਾਂ ਦੀ ਸਲਾਹ ਦੇ ਅਨੁਸਾਰ ਹੀ ਇਲਾਕੇ, ਮਿੱਟੀ ਦੀ ਕਿਸਮ ਅਤੇ ਮੌਸਮ ਅਨੁਸਾਰ ਲਾਉਣੇ ਚਾਹੀਦੇ ਹਨ । ਬਾਗਬਾਨੀ ਵਿਕਾਸ ਅਫਸਰ ਤਕਰੀਬਨ ਸਾਰੇ ਬਲਾਕਾਂ ਵਿਚ ਤਾਇਨਾਤ ਹਨ ਜਿਹੜੇ ਹਰ ਕਿਸਮ ਦੀ ਜਾਣਕਾਰੀ ਮੁਹੱਈਆ ਕਰਵਾਉਂਦੇ ਹਨ । ਜਿਵੇਂ ਮਿੱਟੀ-ਪਾਣੀ ਟੈਸਟ ਕਰਵਾਉਣਾ, ਨਵੇਂ ਲਗਾਉਣ ਵਾਲੇ ਬਾਗ



ਦੀ ਲੇਅ-ਆਊਟ ਕਰਨੀ, ਜੇਕਰ ਕਿਸੇ ਕੀੜੇ-ਮਕੌੜੇ ਜਾਂ ਬਿਮਾਰੀ ਦਾ ਹਮਲਾ ਹੁੰਦਾ ਹੈ ਤਾਂ ਟੈਕਨੀਕਲੀ ਇਲਾਜ ਕਰਨਾ ਜਾਂ ਬਾਗ ਲਗਾਉਣ ਲਈ ਬਨਦੀ ਉਪਦਾਨ ਦੀ ਰਕਮ ਦੇਣੀ ਆਦਿ । ਇਸ ਲਈ ਬਾਗਬਾਨੀ ਅਫਸਰਾਂ ਦੀ ਸਲਾਹ ਨਾਲ ਹੀ ਨਵੇਂ ਬਾਗਬਾਨਾਂ ਨੂੰ ਚੱਲਣਾ ਚਾਹੀਦਾ ਹੈ ਨਾ ਕਿ ਕੀੜੇਮਾਰ ਦਵਾਈਆਂ ਦੇ ਦੁਕਾਨਦਾਰਾਂ ਜਾਂ ਬਾਗਾਂ ਦੇ ਠੇਕੇਦਾਰਾਂ ਅਨੁਸਾਰ । ਜ਼ਿਲ੍ਹਾ ਪੱਧਰ 'ਤੇ ਸਹਾਇਕ ਡਾਇਰੈਕਟਰ ਬਾਗਬਾਨੀ/ਉਪ ਡਾਇਰੈਕਟਰ ਬਾਗਬਾਨੀ ਵੀ ਤਾਇਨਾਤ ਹਨ, ਜੋ ਕਿ ਹਰ ਸਮੇਂ ਜ਼ਿਮੀਂਦਾਰਾਂ ਦੀ ਸੇਵਾ ਲਈ ਤਤਪਰ ਹਨ । ਬਾਗ ਲਗਾਉਣ ਲਈ ਹੇਠ ਲਿਖੇ ਤਕਨੀਕੀ ਨੁਕਤਿਆਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ :-

### 1. ਹਵਾ ਰੋਕੋ ਵਾੜਾਂ ਲਾਉਣੀਆਂ

ਜਦੋਂ ਤੁਹਾਡਾ ਨਵਾਂ ਬਾਗ ਲਗਾਉਣ ਦਾ ਇਰਾਦਾ ਬਣਦਾ ਹੈ ਤਾਂ ਉਸ ਤੋਂ ਪਹਿਲਾਂ ਹੀ ਹਵਾ ਰੋਕੋ ਵਾੜਾਂ ਆਪਣੇ ਖੇਤ ਦੇ ਆਲੇ-ਦੁਆਲੇ ਲਗਾ ਲੈਣੀਆਂ ਚਾਹੀਦੀਆਂ ਹਨ । ਹਵਾ ਰੋਕੋ ਵਾੜਾਂ ਲਈ ਦੇਸੀ ਅੰਬ, ਜਾਮਨ, ਬਿੱਲ, ਦੇਸੀ ਆਂਵਲਾ, ਕਟਹਲ ਆਦਿ ਲਗਾਏ ਜਾ ਸਕਦੇ ਹਨ । ਇਨ੍ਹਾਂ ਦਾ ਜ਼ਿਆਦਾ ਫਾਇਦਾ ਇਹ ਹੋਵੇਗਾ ਕਿ ਅਸੀਂ ਆਪਣੇ ਬਾਗਾਂ ਨੂੰ ਗਰਮ ਅਤੇ ਠੰਡੀਆਂ ਹਵਾਵਾਂ ਤੋਂ ਬਚਾ ਸਕਾਂਗੇ, ਹਨੇਰੀਆਂ ਨਾਲ ਟਹਿਣੀਆਂ ਅਤੇ ਫਲ ਨਹੀਂ ਟੁੱਟਣਗੇ ਅਤੇ ਇਨ੍ਹਾਂ ਨੂੰ ਲੱਗਣ ਵਾਲੇ ਫਲ ਤੋਂ ਵਾਧੂ ਆਮਦਨ ਵੀ ਪ੍ਰਾਪਤ ਕਰ ਸਕਾਂਗੇ ।

### 2. ਟੋਏ ਪੁੱਟਣੇ

ਨਵਾਂ ਬਾਗ ਲਗਾਉਣ ਸਮੇਂ ਨਿਰਧਾਰਿਤ ਫਾਸਲੇ 'ਤੇ 3'x3' ਦੇ ਟੋਏ ਜ਼ਰੂਰ ਪੁੱਟ ਲੈਣੇ ਚਾਹੀਦੇ ਹਨ । ਇਹ ਟੋਏ ਬੂਟੇ ਲਾਉਣ ਤੋਂ 15 ਦਿਨ ਪਹਿਲਾਂ ਪੁੱਟਣੇ ਚਾਹੀਦੇ ਹਨ । ਇੱਕ ਹਫਤਾ ਟੋਇਆਂ ਨੂੰ ਧੁੱਪ ਲੱਗਣ ਤੋਂ ਬਾਅਦ ਹੀ ਟੋਏ ਭਰਨੇ ਚਾਹੀਦੇ ਹਨ ਤਾਂਕਿ ਕੀੜੇ-ਮਕੌੜੇ/ਉੱਲੀਆਂ, ਮਰ ਜਾਣ । ਇਨ੍ਹਾਂ ਟੋਇਆਂ ਨੂੰ 1/3 ਦੇਸੀ ਖਾਦ, 1/3 ਹਿੱਸਾ ਭਲ ਅਤੇ ਉਪਰਲੀ ਡੇਢ ਫੁੱਟ ਦੀ ਮਿੱਟੀ ਵਿਚ ਮਿਕਸ ਕਰਕੇ ਦੁਬਾਰਾ ਭਰਨੇ ਚਾਹੀਦੇ ਹਨ । ਟੋਇਆਂ ਵਿਚ ਬੂਟੇ ਲਾਉਣ ਤੋਂ ਪਹਿਲਾਂ ਪਾਣੀ ਜ਼ਰੂਰ ਲਾਉਣਾ ਚਾਹੀਦਾ ਹੈ, ਜਿਸ ਨਾਲ ਟੋਇਆਂ ਦੀ ਮਿੱਟੀ ਬੈਠ ਜਾਵੇਗੀ ਅਤੇ ਰੂੜੀ ਦੀ ਗਰਮਾਇਸ਼ ਵੀ ਖਤਮ ਹੋ ਜਾਵੇਗੀ । ਪਾਣੀ ਦੇਣ ਤੋਂ 3-4 ਦਿਨਾਂ ਬਾਅਦ ਇਨ੍ਹਾਂ ਟੋਇਆਂ ਵਿੱਚ ਬੂਟੇ ਲਾਉਣੇ ਚਾਹੀਦੇ ਹਨ ।

### 3. ਬੂਟਿਆਂ ਦੀ ਢੁਆਈ

ਬਾਗ ਲਗਾਉਣ ਸਮੇਂ ਤੁਹਾਨੂੰ ਸਰਕਾਰੀ ਨਰਸਰੀ ਵਿੱਚੋਂ ਫਲਦਾਰ ਬੂਟੇ ਲੈ ਕੇ ਆਉਣੇ ਚਾਹੀਦੇ ਹਨ ਤਾਂ ਉਸ ਸਮੇਂ ਤੁਹਾਡੇ ਬੂਟੇ ਲਿਆਉਣ ਦੇ ਸਾਧਨ ਜਿਵੇਂ ਟਰਾਲੀ ਜਾਂ ਟੈਂਪੂ ਵਿਚ ਪਰਾਲੀ ਜਾਂ ਮਿੱਟੀ ਜ਼ਰੂਰ ਪਾ ਲੈਣੀ ਚਾਹੀਦੀ ਹੈ, ਜਿਸ ਨਾਲ ਬੂਟਿਆਂ ਦੀ ਗਾਚੀ ਟੁੱਟਣ ਤੋਂ ਬਚ ਜਾਵੇਗੀ । ਜੇਕਰ ਆਪ ਨੇ ਅਜਿਹਾ ਨਾ ਕੀਤਾ ਤਾਂ ਤੁਹਾਡੇ ਬੂਟਿਆਂ ਦੀ ਮਰਨ ਦਰ ਬਹੁਤ ਜ਼ਿਆਦਾ ਹੋਵੇਗੀ । ਇਸ ਤੋਂ ਬਿਨ੍ਹਾਂ ਜੇਕਰ ਆਪ ਨੇ ਪੱਤਝੜ ਵਾਲੇ ਬੂਟੇ ਨਰਸਰੀ ਵਿੱਚੋਂ ਲਿਆਉਣੇ ਹਨ ਤਾਂ ਉਹਨਾਂ ਦੀਆਂ ਜੜ੍ਹਾਂ ਨੂੰ ਬੋਰੀ ਨਾਲ ਲਪੇਟ ਕੇ ਲਿਆਉਣਾ ਚਾਹੀਦਾ ਹੈ, ਨਹੀਂ ਤਾਂ ਜੜ੍ਹਾਂ ਨੂੰ ਹਵਾ ਲੱਗ ਕੇ ਬੂਟੇ ਮਰ ਸਕਦੇ ਹਨ । ਇਹ ਵੀ ਬਹੁਤ ਜ਼ਰੂਰੀ ਗੱਲ ਹੈ ਕਿ ਜਦੋਂ ਨਰਸਰੀ ਦੇ ਬੂਟੇ ਆਪਣੇ ਬਣਦੇ ਰਕਬੇ ਲਈ ਲੈਣੇ ਹਨ ਤਾਂ ਘੱਟੋ-ਘੱਟ 10 ਪ੍ਰਤੀਸ਼ਤ ਬੂਟੇ ਵਾਧੂ ਲੈ ਲਓ, ਕਿਉਂਕਿ ਜਦੋਂ ਕੋਈ ਬੂਟਾ ਮਰਦਾ ਹੈ ਤਾਂ ਉਸੇ ਸਮੇਂ ਉਸ ਦੇ ਨਾਲ ਦੇ ਹੀ ਬੂਟੇ ਨਾਗੇ ਵਾਲੀ ਥਾਂ 'ਤੇ ਲਾਏ ਜਾ ਸਕਦੇ ਹਨ, ਨਹੀਂ ਤਾਂ ਕਈ ਵਾਰ ਇੱਕ-ਇੱਕ ਸਾਲ ਦਾ ਗੈਪ ਪੈ ਜਾਂਦਾ ਹੈ ।

### 4. ਬੂਟੇ ਲਾਉਣਾ

ਸਦਾਬਹਾਰ ਬੂਟੇ ਹਮੇਸ਼ਾਂ ਦੁਪਹਿਰ ਤੋਂ ਬਾਅਦ ਹੀ ਲਾਉਣੇ ਚਾਹੀਦੇ ਹਨ, ਕਿਉਂਕਿ ਬੂਟੇ ਰਾਤ ਸਮੇਂ ਘੱਟ ਤਾਪਮਾਨ 'ਤੇ ਸੈਟ ਹੋ ਜਾਂਦੇ ਹਨ । ਖੇਤ ਵਿਚ ਬੂਟੇ ਲਾਉਣ ਤੋਂ ਬਾਅਦ ਸਿਉਂਕ ਤੋਂ ਬਚਾਅ ਲਈ ਕਲੋਰੋਪਾਈਰੀਫਾਸ 10 ਮਿਲੀਲਿਟਰ ਪ੍ਰਤੀ 10 ਲਿਟਰ ਪਾਣੀ ਦੇ ਹਿਸਾਬ ਨਾਲ ਪ੍ਰਤੀ ਬੂਟਾ ਪਾ ਦੇਣੀ ਚਾਹੀਦੀ ਹੈ । ਇਹ ਦਵਾਈ ਸਾਲ ਵਿਚ ਘੱਟੋ-ਘੱਟ 2 ਵਾਰ ਜ਼ਰੂਰ ਪਾ ਦੇਣੀ ਚਾਹੀਦੀ ਹੈ, ਦਸੰਬਰ ਮਹੀਨੇ ਅਤੇ ਜੁਲਾਈ ਜਾਂ ਅਗਸਤ ਵਿੱਚ ।

### 5. ਬੂਟਿਆਂ ਨੂੰ ਪਾਣੀ ਲਾਉਣਾ

ਬੂਟਿਆਂ ਨੂੰ ਪਾਣੀ ਦੇਣ ਲਈ ਇਨ੍ਹਾਂ ਦੀਆਂ ਖਾਲਾਂ ਵੱਖਰੀਆਂ ਹੀ ਬਣਾ ਦੇਣੀਆਂ ਚਾਹੀਦੀਆਂ ਹਨ ਤਾਂਕਿ ਲੋੜ ਅਨੁਸਾਰ ਬੂਟਿਆਂ ਨੂੰ ਪਾਣੀ ਦਿੱਤਾ ਜਾ ਸਕੇ । ਜੇਕਰ ਬਾਗ ਵਿੱਚ ਕੋਈ ਹੋਰ ਫ਼ਸਲ ਬੀਜੀ ਹੈ ਤਾਂ ਉਸ ਦਾ ਪਾਣੀ ਦਾ



ਪ੍ਰਬੰਧ ਅਲੱਗ ਹੀ ਰੱਖੋ, ਨਹੀਂ ਤਾਂ ਕਈ ਵਾਰ ਪਾਣੀ ਦੀ ਵਧ-ਘਾਟ ਕਰਕੇ ਬੂਟੇ ਮਰ ਜਾਂਦੇ ਹਨ, ਨਵੇਂ ਲਗਾਏ ਬਾਗ ਵਿੱਚ ਕਦੇ ਵੀ ਜੀਰੀ, ਚਰੀ-ਬਾਜਰਾ, ਕਪਾਹ ਜਾਂ ਬਰਸੀਮ ਨਾ ਬੀਜੋ, ਇਸ ਨਾਲ ਬੂਟਿਆਂ ਦੇ ਮਰਨ ਦੀ ਸੰਭਾਵਨਾ ਵੱਧ ਜਾਵੇਗੀ ।

### 6. ਨਵੇਂ ਬੂਟਿਆਂ ਦੀ ਦੇਖ-ਭਾਲ

ਨਵੇਂ ਲਗਾਏ ਬੂਟਿਆਂ ਦੀ ਦੇਖਭਾਲ ਕਰਕੇ ਰਹੋ, ਜਿਵੇਂ ਕਿ ਪਿਉਂਦ ਤੋਂ ਨੀਚੇ ਕਦੇ ਵੀ ਕੋਈ ਟਾਹਣੀ ਨਾ ਫੁੱਟਣ ਦਿਉ, ਜੇਕਰ ਬੂਟਾ ਟੇਢਾ ਚੱਲਦਾ ਹੈ ਤਾਂ ਉਸ ਨੂੰ ਸੋਟੀ ਨਾਲ ਸਹਾਰਾ ਦਿਉ, ਜੇਕਰ ਕਿਸੇ ਕੀੜੇ-ਮਕੌੜੇ/ਬਿਮਾਰੀ ਦਾ ਹਮਲਾ ਹੈ ਤਾਂ ਮਾਹਿਰਾਂ ਦੀ ਸਿਫਾਰਿਸ਼ ਅਨੁਸਾਰ ਸਪਰੇਅ ਕਰੋ ਅਤੇ ਜ਼ਿਆਦਾ ਗਰਮੀ/ਸਰਦੀ ਸਮੇਂ ਬੂਟਿਆਂ ਨੂੰ ਪਰਾਲੀ ਨਾਲ ਢੱਕ ਕੇ ਰੱਖੋ ।

**ਸੋ ਜੇਕਰ ਆਮ ਉਕਤ ਨੁਕਤਿਆਂ ਵੱਲ ਧਿਆਨ ਦੇਵੋਗੇ ਤਾਂ ਜ਼ਰੂਰੀ ਹੀ ਸਫਲ ਬਾਗਬਾਨ ਬਣ ਸਕੋਗੇ ਅਤੇ ਆਪਣੀ ਆਮਦਨ ਵਿੱਚ ਵਾਧਾ ਕਰਕੇ ਸਮਾਜਿਕ ਅਤੇ ਆਰਥਿਕ ਪੱਧਰ ਉੱਚਾ ਕਰ ਸਕੋਗੇ । ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਬਾਗਬਾਨੀ ਵਿਭਾਗ ਪੰਜਾਬ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮਾਹਿਰਾਂ ਨਾਲ ਸੰਪਰਕ ਕਰ ਸਕਦੇ ਹੋ ।**

ਬਾਕੀ ਸਫਾ 13 ਦੀ

# 8 ਕਿਸਾਨਾਂ ਨੇ ਦੱਸੇ ਬਿਜਾਈ ਦੇ ਤਜ਼ਰਬੇ

। ਜਸਬੀਰ ਸਿੰਘ ਨੇ ਕਿਹਾ ਕਿ ਮੈਂ 222 ਕਿਸਮ ਦੀ ਕਾਸ਼ਤ ਕੀਤੀ ਤੇ ਇਸ ਦੇ ਦੂਜੀ ਕਣਕ ਨਾਲੋਂ ਸਿੱਟੇ ਲੰਮੇ, ਪੱਕ ਵੀ ਪਹਿਲਾਂ ਜਾਣੀ ਹੈ । ਉਹਨਾਂ ਦੱਸਿਆ ਕਿ ਪਿੰਡ ਦੇ ਬੰਦੇ ਪਹਿਲਾਂ ਹੱਸਦੇ ਸਨ ਕਿ ਮੁੱਢਾਂ ਦਾਣਾ ਸੁਟਿਆਂ ਕੁਝ ਨਹੀਂ ਬਣਨਾ । ਆਂਢ ਗੁਆਂਢ ਵਾਲੇ ਹੁਣ ਫਸਲ ਦੇਖ ਕੇ ਖੁਸ਼ ਹਨ ਉਹ ਵੀ ਕਹਿੰਦੇ ਅਗਲੀ ਵਾਰ ਅਸੀਂ ਵੀ ਸਰਫੇਸ ਸੀਡਰ ਨਾਲ ਬਿਜਾਈ ਕਰਾਂਗੇ । ਉਹਨਾਂ ਕਿਹਾ ਕਿ ਕੁਲ ਮਿਲਾ ਕੇ ਤਕਨੀਕ ਕਾਰਗਰ ਰਹੀ, ਸਰਕਾਰ ਨੂੰ ਚਾਹੀਦਾ ਹੈ ਕਿ ਕੈਂਪ ਪਿੰਡ 'ਚ ਲਗਾ ਕੇ ਸਸਤੀ ਤਕਨੀਕ ਨੂੰ ਵਧਾਉਣ ।

6. **ਹਰਜਿੰਦਰ ਸਿੰਘ ਪਿੰਡ ਠੀਕਰੀਵਾਲ ਉੱਚਾ (98151-49150)** ਨੇ ਕਿਹਾ ਕਿ ਮੈਂ ਨਵੀਂ ਤਕਨੀਕ ਸਰਫੇਸ ਸੀਡਰ ਨਾਲ 1.5 ਏਕੜ ਰਕਬੇ 'ਚ ਕਣਕ ਦੀ ਬਿਜਾਈ ਕੀਤੀ । ਉਸ ਤੋਂ ਪਹਿਲਾਂ ਮੈਂ ਪਿਛਲੇ ਸਾਲ ਆਪਣੀ ਕੋਆਪਰੇਟਿਵ ਸੁਸਾਇਟੀ ਦੇ ਮਲਚਰ ਰਾਹੀਂ ਚਾਰ ਕਨਾਲਾਂ 'ਚ ਟਰਾਇਲ ਕੀਤਾ ਜੋ ਕਿ ਕਾਮਯਾਬ ਰਿਹਾ । ਇਹ ਤਕਨੀਕੀ ਬਾਰੇ ਮੈਨੂੰ ਪਤਾ ਸੀ ਜੋ 303 ਕਿਸਮ ਦੀ ਬਿਜਾਈ ਕੀਤੀ । ਉਹਨਾਂ ਕਿਹਾ ਕਿ ਮੈਂ ਦੂਜੇ ਦਿਨ ਪਾਣੀ ਜਰਮੀਨੇਸ਼ਨ ਲਈ ਲਗਾਇਆ । ਪਰ ਕੁਝ ਦਿਨ ਬਾਅਦ ਭਾਰੀ ਬਾਰਸ਼ ਹੋ ਗਈ ਜਿਸ ਨਾਲ ਮੇਰੇ ਲਾਗੇ ਬਹੁਤੀ ਬਿਜਾਈ ਖਰਾਬ ਹੋ ਗਈ ਤੇ ਇਸ ਉਪਰ ਖਿਲਰੀ ਪਰਾਲੀ ਨੇ ਪਾਣੀ ਪੀ ਲਿਆ ਤੇ ਫਸਲ ਬਹੁਤ ਵਧੀਆ ਸਾਰੀ ਦੀ ਸਾਰੀ ਉਗੀ । ਜਦਕਿ ਸਾਡੇ ਲਾਗੇ ਬਹੁਤਿਆਂ ਨੂੰ ਦੁਬਾਰਾ ਬਿਜਾਈ ਕਰਨੀ ਪਈ ਉਹਨਾਂ ਦੇ ਉਗੀ ਨਹੀਂ । ਅਸੀਂ ਇਸ ਵਾਰ ਬੇਲਰ ਆਉਣ ਕਰਕੇ ਅੱਗ ਨਹੀਂ ਲਗਾਈ । ਚੂਹਾ, ਕੀਟ ਤੇ ਨਦੀਨਾਂ ਦੀ ਏਸ ਤਕਨੀਕ ਰਾਹੀਂ ਕੋਈ ਸਮੱਸਿਆ ਨਹੀਂ ਆਈ । ਸਰਫੇਸ ਸੀਡਰ ਸਸਤੀ ਤੇ ਟਿਕਾਊ ਤਕਨੀਕ ਹੈ, ਸਾਡੇ ਬਹੁਤ ਖਰਚ ਬਚੇ । ਸਾਡੀ ਕੋਸ਼ਿਸ਼ ਹੋਊ ਕਿ ਅਪਣਾ ਹੀ ਖਰੀਦ ਲਵਾਂਗੇ । ਸਾਡਾ ਸਾਰਾ ਪਰਿਵਾਰ ਵਿਦਿਅਕ ਹੈ ਅਸੀਂ ਡਰ ਵਾਲਾ ਕੁਝ ਵੀ ਨਹੀਂ ਸਮਝਿਆਂ ਕਿਉਂਕਿ ਸਾਨੂੰ ਪਤਾ ਹੈ ਕਿ ਕਾਮਯਾਬੀ ਨੁਕਸਾਨ ਤੋਂ ਬਾਅਦ ਮਿਲਦੀ ਹੈ ਤੇ ਉਹ ਤੁਹਾਡੇ ਸਾਹਮਣੇ ਖੜ੍ਹੀ ਫਸਲ ਤੇ ਖਰਚ ਬਚਾਉਣ ਨਾਲ ਮਿਲੀ । ਮੇਰੇ ਪਿੰਡ ਦੇ ਲੋਕਾਂ ਨੂੰ ਵੀ ਇਸ ਤਕਨੀਕ ਦੇਖ ਕੇ ਖੁਸ਼ੀ ਹੋਈ । ਫਸਲ ਬਿਲਕੁਲ ਤੰਦਰੁਸਤ ਹੈ । ਉਹਨਾਂ ਕਿਹਾ ਕਿ ਮੈਂ ਅਗਲੀ ਵਾਰ 10 ਏਕੜ ਰਕਬੇ ਤੋਂ ਵੱਧ ਏਸ ਤਕਨੀਕ ਹੇਠ ਬਿਜਾਈ ਕਰਾਂਗਾਂ । ਮੇਰੇ ਆਂਢ ਗੁਆਂਢ ਦੇ ਕਿਸਾਨ ਇਸ ਤਕਨੀਕ ਰਾਹੀਂ ਬੀਜੀ ਕਣਕ ਖਰਾਬ ਮੌਸਮ ਚ ਵੀ ਖੜ੍ਹੀ ਦੇਖ ਖੁਸ਼ ਹੋ ਕੇ ਕਹਿ ਰਹੇ ਹਨ, ਕਿ ਸੁਪਰ ਸੀਡਰ ਵਾਲੀਆਂ ਤਾਂ ਸਾਰੀਆਂ ਵਿਛੀਆਂ ਦੇਖ ਕੇ ਇਸ ਤਕਨੀਕ ਰਾਹੀਂ ਖੜ੍ਹੀ ਫਸਲ ਦੇਖ ਹੈਰਾਨ ਹਾਂ ।

7. **ਰਛਪਾਲ ਸਿੰਘ ਪਿੰਡ ਖਾਨ ਮਲੱਕ (99904-21313)** ਨੇ ਕਿਹਾ ਕਿ ਮੈਂ ਪਿਛਲੇ 5 ਸਾਲ ਤੋਂ ਕੱਟਰ ਲਗਾ ਕੇ ਮੁੱਢ 'ਚ ਬੀਜਦਾ ਰਿਹਾ ਹੁਣ ਤਾਂ ਖੈਰ ਬਹੁਤ ਵਧੀਆ ਸਸਤੀ ਤਕਨੀਕੀ ਸਰਫੇਸ ਸੀਡਰ ਆ ਗਿਆ ਹੈ । ਮੈਂ ਦਿੱਲੀ ਰਹਿੰਦਾ ਹੈ ਮੈਂ ਖੁਦ ਬੇਹੱਦ ਜਾਗਰੂਕ ਹਾਂ ਮੇਰਾ ਪਰਿਵਾਰ ਪਿੰਡ ਰਹਿੰਦਾ ਹੈ ਜੋ ਮੇਰੀ ਸੇਧਾਂ ਤੇ ਚੱਲਦਾ ਹੈ ਅਤੇ ਮੈਂ ਲਗਾਤਾਰ ਫਸਲੀ ਦੇਖ ਰੇਖ ਤੇ ਗੇੜਾ ਮਾਰਨ ਆਉਂਦਾ ਹਾਂ । ਮੈਂ ਪਿਛਲੇ 5 ਸਾਲ ਤੋਂ ਫਸਲੀ ਰਹਿੰਦ ਖੂੰਹਦ ਨੂੰ ਅੱਗ ਨਹੀਂ ਲਗਾਉਂਦਾ । ਜਿਸ ਕਰਕੇ ਮੇਰੀ ਜ਼ਮੀਨ 'ਚ ਆਰਗੈਨਿਕ ਮੈਟਰ ਬਹੁਤ ਬਣਿਆ ਹੈ, ਮੈਂ ਖੁਦ ਅਗਾਂਹ ਤੋਂ ਆਰਗੈਨਿਕ ਖੇਤੀ ਕਰਨ ਵੱਲ ਮੁੜ ਪਿਆ ਹਾਂ, ਕਿਉਕਿ ਅਸੀਂ ਮਿੱਟੀ ਵਿਚ ਹਰੀ ਖਾਦ ਵਧੇਰੇ ਵਰਤਦੇ ਹਾਂ । ਸਾਡੇ ਲੋਕ ਬਹੁਤਾ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਬਾਰੇ ਨਹੀਂ ਸੋਚਦੇ ਕਿ ਅਗਾਂਹ ਕੈਮੀਕਲ ਜ਼ਿਆਦਾ ਪਾਉਣ ਕਰਕੇ ਬਿਮਾਰੀਆਂ ਨਾਲ ਗ੍ਰਸਤ ਵੀ ਤਾਂ ਆਪ ਹੋਣਾ । ਸਰਫੇਸ ਸੀਡਰ 1000 ਰੁਪਏ ਨਾਲ ਬਿਜਾਈ ਹੋ ਜਾਂਦੀ ਹੈ ਤੇ ਸੁਪਰਸੀਡਰ ਕੋਈ 2500/- ਤੋਂ ਘੱਟ ਨਹੀਂ ਲੈਂਦਾ । ਅਸੀਂ ਕੇਵਲ 2 ਪਾਣੀ ਲਗਾਏ ਖਰਾਬ ਮੌਸਮ ਕਰਕੇ ਵੀ ਸਾਡੀ ਇਸ ਬਿਜਾਈ ਤਕਨੀਕ ਨਾਲ ਫਸਲ ਡਿੱਗੀ ਨਹੀਂ । ਜਦਕਿ ਸੁਪਰ ਸੀਡਰ ਵਾਲੀ ਫਸਲ ਸਭ ਡਿੱਗੀ ਹੋਈ ਹੈ । ਸਾਡੇ ਲੋਕ ਬਹੁਤਾ ਮਿੱਟੀ ਦੀ ਉਪਜਾਊਤਾ ਸ਼ਕਤੀ ਵਧਾਉਣ ਬਾਰੇ ਨਹੀਂ ਸੋਚਦੇ ਕਿ ਅਗਾਂਹ ਬਿਮਾਰੀਆਂ ਨਾਲ ਗ੍ਰਸਤ ਵੀ ਤਾਂ ਆਪ ਹੋਣਾ । ਸਰਕਾਰ ਨੂੰ ਲੋਕਾਂ ਨੂੰ ਇਹ ਮਸ਼ੀਨਾਂ ਜ਼ਿਆਦਾ ਦੇਣੀਆਂ ਚਾਹੀਦੀਆਂ ਹਨ ।

8. **ਮਨਜੀਤ ਸਿੰਘ ਭਿੰਡਰ (99883-59910) ਪਿੰਡ ਮੁੰਨਣ ਕਲਾਂ** ਨੇ ਕਿਹਾ ਕਿ ਮੈਂ 2 ਏਕੜ ਰਕਬੇ 'ਚ ਸਰਫੇਸ ਸੀਡਰ ਨਾਲ 303 ਕਿਸਮ ਦੀ ਬਿਜਾਈ ਕੀਤੀ । ਨਵੀਂ ਤਕਨੀਕ ਹੋਣ ਕਰਕੇ ਸਾਨੂੰ ਸਰਫੇਸ ਸੀਡਰ ਦੀ ਅੱਡਜੱਸਟਮੈਂਟ ਜੋ 40 ਕਿਲੋ ਦਾਣਾ ਕੇਰਨ ਦੀ ਸਮੱਸਿਆ ਬਿਜਾਈ ਸਮੇਂ ਆਈ, ਕਿਉਕਿ ਬੀਜ ਤਾਂ ਪੂਰਾ ਪਾਇਆ ਸੀ, ਪਰ ਸੈਟਿੰਗ ਖਰਾਬ ਹੋਣ ਕਰਕੇ ਕੇਵਲ 25 ਕਿਲੋ ਪ੍ਰਤੀ ਏਕੜ ਦਾ ਕਿਰਿਆ ਸੀ । ਜੋ ਹੁਣ ਤੱਕ ਸਾਨੂੰ ਸਮਝ ਆਈ ਕਿ ਇਹ ਤਕਨੀਕ ਬੇਹੱਦ ਕਾਮਯਾਬ ਹੈ, ਕਿਉਕਿ ਸਖਤ ਜ਼ਮੀਨ ਤੇ ਡਿੱਗਾ ਦਾਣਾ ਬੇਹੱਦ ਪਕੜ ਬਹੁਤੇ ਮਜ਼ਬੂਤ ਕਰਦਾ ਹੈ । ਕਿਉਕਿ ਸਾਡੇ ਲਾਗੇ ਸੁਪਰ ਸੀਡਰ ਨਾਲ ਨਰਮ ਪੈਲੀ ਵਾਲੀ ਬੀਜੀ ਫਸਲ ਤਕਰੀਬਨ ਡਿੱਗ ਪਈ ਸੀ, ਪਰ ਏਸੇ ਤਕਨੀਕ ਵਾਲੀ ਫਸਲ ਅੱਜ ਵੀ ਖੜ੍ਹੀ ਹੈ । ਉਹਨਾਂ ਕਿਹਾ ਕਿ ਇਸ 'ਚ ਕੇਵਲ ਪਰਾਲੀ ਇਕਸਾਰ ਖਿਲਰੀ ਹੋਵੇ ਤਾਂ ਕੋਈ ਨਦੀਨਾਂ ਜਾਂ ਕੀਟ ਜਾਂ ਚੂਹੇ ਦੀ ਸਮੱਸਿਆ ਨਹੀਂ ਆਉਂਦੀ ਹੈ । ਮੈਂ ਆਪ ਪਹਿਲੀ ਬਿਜਾਈ ਦੀ ਪੁੰਗਰਾਟ ਦੇਖਦਿਆਂ 10 ਦਿਨਾਂ ਬਾਅਦ ਕਿ ਦਾਣਾ ਥੋੜਾ ਕਿਰਿਆ ਹੈ ਜ਼ਮੀਨ ਚ, ਕਿਉਂ ਲਾ ਹੋਰ ਛੱਟਾ ਦੇ ਦੇਈਏ ਮੈਂ ਆਪ ਦੁਬਾਰਾ ਛੱਟਾ ਦੇ ਦਿੱਤਾ । ਜੋ ਮੈਂ ਬਾਅਦ ਵਿਚ ਛੱਟੇ ਨਾਲ ਖਿਲਾਰਿਆ ਸੀ ਉਹ 90% ਦਾਣਾ ਪੰਛੀ ਚੁਗ ਗਏ । ਬਲਕਿ ਸਰਫੇਸ ਸੀਡਰ ਨਾਲ ਖਿਲਾਰਿਆ ਦਾਣਾ ਬਾਅਦ ਵਿਚ ਸਮਾਂ ਲੰਘਣ ਕੇ 90% ਹੀ ਉੱਗਿਆ ਸੀ । ਉਹਨਾਂ ਕਿਹਾ ਕਿ ਕਿਸਾਨਾਂ ਨੂੰ ਨਵੀਂ ਸਸਤੀ ਤਕਨੀਕ ਸਰਫੇਸ ਸੀਡਰ ਵੱਲ ਆਉਣ ਦੀ ਲੋੜ ਹੈ ਪਰ ਟਰੈਕਟਰ ਚਾਲਕ ਬੇਹੱਦ ਅਡਜੱਸਟਮੈਂਟ ਕਰਕੇ ਚੱਲੇ ਤਾਂ । ਬਾਕੀ ਅਸੀਂ ਅੱਗ ਤਾਂ ਬਹੁਤ ਸਾਲਾਂ ਤੋਂ ਨਹੀਂ ਲਗਾਉਂਦੇ ਕਿਉਕਿ ਅਸੀਂ ਕੁਦਰਤੀ ਖੇਤੀ ਕਰਦੇ ਹਾਂ । ਲੇਖ ਲਿਖਣ ਤੱਕ ਕਿਸੇ ਵੀ ਕਿਸਮ ਦੀ ਫਸਲ ਕਟਾਈ ਨਹੀਂ ਹੋਈ ਸੀ ਝਾੜ ਬਾਰੇ ਨਹੀਂ ਦੱਸਿਆ ਗਿਆ । ਇਸ ਲੇਖ ਬਾਰੇ ਤੁਹਾਡੇ ਕੋਈ ਸੁਝਾਅ ਹੋਵੇ ਤਾਂ ਵਿਭਾਗ ਦੇ ਨੰਬਰ ਤੇ ਸੰਪਰਕ ਕਰੋ ।

## ਮੁਜ਼ੱਫਰਪੁਰ, ਦੇਹਰਾਦੂਨ ਦੇ ਮੁਕਾਬਲੇ ਪਠਾਨਕੋਟ ਦੀ ਲੀਚੀ ਦਾ ਪ੍ਰਤੀ ਹੈਕਟੇਅਰ ਉਤਪਾਦਨ ਦੁੱਗਣਾ

# ਬੰਪਰ ਲੀਚੀ : ਪਠਾਨਕੋਟ ਵਿੱਚ 35000 ਟਨ ਉਤਪਾਦਨ

ਪਠਾਨਕੋਟ ਜ਼ਿਲ੍ਹੇ ਵਿੱਚ ਇਸ ਵਾਰ ਲੀਚੀ ਦੀ ਪੈਦਾਵਾਰ ਵਧੀ ਹੈ। ਵਧੀਆ ਸੀਜ਼ਨ ਦੇ ਕਾਰਨ ਇਸ ਵਾਰ 35 ਹਜ਼ਾਰ ਮੀਟਰਿਕ ਟਨ ਲੀਚੀ ਦੀ ਪੈਦਾਵਾਰ ਦਾ ਅਨੁਮਾਨ ਹੈ, ਜੋ ਪਿਛਲੇ ਸਾਲ ਤੋਂ 3000 ਮੀਟਰਿਕ ਟਨ ਜ਼ਿਆਦਾ ਹੈ। ਪੰਜਾਬ ਸਰਕਾਰ ਲੀਚੀ ਪੈਕਿੰਗ ਦੇ ਪ੍ਰਤੀ ਬਾਕਸ 50 ਫੀਸਦੀ ਸਬਸਿਡੀ ਦੇਵੇਗੀ। ਸਰਕਾਰ ਪਾਣੀ, ਬਿਜਲੀ ਦੀ ਉਪਲੱਬਧਤਾ ’ਤੇ ਖਾਸ ਧਿਆਨ ਦੇ ਰਹੀ ਹੈ।

ਪਠਾਨਕੋਟ ਜ਼ਿਲ੍ਹੇ ਵਿੱਚ 3200 ਹੈਕਟੇਅਰ ਤੋਂ ਜ਼ਿਆਦਾ ਰਕਬੇ ਵਿੱਚ ਲੀਚੀ ਦੇ ਬਾਗ ਹਨ। ਪ੍ਰਮੁੱਖ ਤੌਰ ’ਤੇ ਸ਼ਹਿਰ ਦੇ ਕੋਲ ਮਨਵਾਲ, ਮੁਰਾਦਪੁਰ, ਸ਼ਰੀਫਚੱਕ, ਕੋਟਲੀ, ਜਮਾਲਪੁਰ, ਭੋਆ, ਸੁੰਦਰਚੱਕ ਵਿੱਚ ਲੀਚੀ ਦੇ ਬਾਗ ਹਨ, ਜਿਨ੍ਹਾਂ ਦੇ ਜ਼ਰੀਏ ਪਿਛਲੇ ਸਾਲ 32000 ਮੀਟਰਿਕ ਟਨ ਲੀਚੀ ਦੀ ਪੈਦਾਵਾਰ ਹੋਈ ਸੀ। ਬਾਗਬਾਨੀ ਵਿਭਾਗ ਮੁਤਾਬਿਕ ਇਸ ਵਾਰ ਪੈਦਾਵਾਰ ਹੋਰ ਵਧੀਆ ਹੋਈ ਹੈ ਅਤੇ 35 ਹਜ਼ਾਰ ਟਨ ਪੈਦਾਵਾਰ ਹੋਈ ਹੈ। ਦੇਸ਼ ਦੇ ਹੋਰ ਇਲਾਕਿਆਂ ਮੁਜ਼ੱਫਰਪੁਰ, ਦੇਹਰਾਦੂਨ ਦੇ ਮੁਕਾਬਲੇ ਪਠਾਨਕੋਟ ਦੀ ਲੀਚੀ ਦਾ ਪ੍ਰਤੀ ਹੈਕਟੇਅਰ ਉਤਪਾਦਨ



ਦੁੱਗਣਾ ਤੱਕ ਹੈ। ਇੱਥੇ ਪ੍ਰਤੀ ਹੈਕਟੇਅਰ 16 ਮੀਟਰਿਕ ਟਨ ਲੀਚੀ ਦਾ ਉਤਪਾਦਨ ਹੈ, ਜਦੋਂਕਿ ਹੋਰ ਹਿੱਸਿਆਂ ਵਿੱਚ ਇਹ 8 ਮੀਟਰਿਕ ਟਨ ਹੀ ਹੈ। ਇੱਕ ਏਕੜ ਵਿੱਚ 40 ਪੇੜ ਤੱਕ ਹੁੰਦੇ ਹਨ ਅਤੇ 200 ਤੋਂ 300 ਕਿਲੋ ਪ੍ਰਤੀ ਪੇੜ ਅਤੇ ਇੱਕ ਏਕੜ ਵਿੱਚ ਘੱਟ ਤੋਂ ਘੱਟ 6000 ਕਿਲੋ ਲੀਚੀ ਦੀ ਪੈਦਾਵਾਰ ਹੈ। ਪਠਾਨਕੋਟ ਵਿੱਚ ਲਾਂਗੀ ਕੋਲੀਆ, ਸੀਡਲੇਸ, ਸ਼ਾਹੀ ਅਤੇ ਰੋਜ ਸੇਂਟੇਡ ਵੈਰਾਇਟੀ ਦੀ ਲੀਚੀ ਹੈ। ਕੋਲਕਾਤਾ, ਦਿੱਲੀ, ਅਹਿਮਦਾਬਾਦ, ਪੁਣੇ ਅਤੇ ਮੁੰਬਈ ਦੇ ਵਪਾਰੀ ਸਿੱਧੇ ਪਠਾਨਕੋਟ ਪਹੁੰਚ ਕੇ ਇੱਥੋਂ ਫਲਾਇਟ ਅਤੇ ਟਰੱਕਾਂ ਰਾਹੀਂ ਹਰ ਸਾਲ ਲੀਚੀ ਲੈ ਜਾਂਦੇ ਹਨ। ਪਿਛਲੇ ਸਾਲ ਬਾਗਬਾਨੀ ਮੰਤਰੀ ਚੇਤਨ ਸਿੰਘ ਜੋੜਮਾਜਰਾ ਨੇ ਪਠਾਨਕੋਟ ਤੋਂ ਇੱਕ ਪ੍ਰਤੀਨਿਧੀਮੰਡਲ ਦੁਬਈ ਭੇਜਿਆ ਸੀ, ਤਾਂਕਿ ਉੱਥੇ ਲੀਚੀ ਦੀ ਖਪਤ ਅਤੇ ਕਾਰੋਬਾਰ ਦਾ ਅਧਿਐਨ ਕਰਕੇ ਲੀਚੀ ਐਕਸਪੋਰਟ ਕੀਤੀ ਜਾ ਸਕੇ।

ਸਰਕਾਰ ਲੀਚੀ ਦੇ ਐਕਸਪੋਰਟ ਜਾਂ ਦੇਸ਼ ਦੇ ਅੰਦਰ ਭੇਜਣ ’ਤੇ ਪ੍ਰਤੀ ਬਾਕਸ 50 ਫੀਸਦੀ ਦੀ ਸਬਸਿਡੀ ਉਤਪਾਦਕਾਂ ਨੂੰ ਦੇ ਰਹੀ ਹੈ। ਬਾਗਬਾਨੀ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਜ਼ਿਲ੍ਹੇ ਦੇ 10 ਵੱਡੇ ਲੀਚੀ ਉਤਪਾਦਕਾਂ ਨੂੰ ਡੇਢ-ਡੇਢ ਲੱਖ ਦੀ ਸਬਸਿਡੀ ਦੇ ਕੇ ਉਨ੍ਹਾਂ ਦੇ ਬਾਗਾਂ ਵਿੱਚ ਕੋਲਡ ਸਟੋਰ ਬਣਵਾਏ ਹਨ, ਜਿੱਥੇ 3 ਤੋਂ 4 ਮੀਟਰਿਕ ਟਨ ਲੀਚੀ ਸਟੋਰ ਕੀਤੀ ਜਾ ਸਕਦੀ ਹੈ। ਮੁਰਾਦਪੁਰ ਵਿੱਚ ਰਾਕੇਸ਼ ਡਢਵਾਲ ਦੱਸਿਆ ਕਿ ਉਨ੍ਹਾਂ ਕੋਲ 70 ਏਕੜ ਵਿੱਚ ਲੀਚੀ ਦਾ ਬਾਗ ਹੈ, ਜਿੱਥੇ 50 ਫੀਸਦੀ ਸਬਸਿਡੀ ਲੈ ਕੇ ਲੀਚੀ ਰੱਖਣ ਲਈ ਕੋਲਡ ਸਟੋਰ ਬਣਵਾਇਆ ਹੈ, ਜਿੱਥੇ 3 ਮੀਟਰਿਕ ਟਨ ਲੀਚੀ ਸਟੋਰ ਕਰ ਸਕਦੇ ਹਨ। ਬਾਗਬਾਨੀ ਵਿਕਾਸ ਅਫਸਰ ਜਤਿੰਦਰ ਕੁਮਾਰ ਨੇ ਦੱਸਿਆ ਕਿ ਲੀਚੀ ਬਾਗਾਂ ਵਿੱਚ ਨਹਿਰੀ ਪਾਣੀ ਅਤੇ ਬਿਜਲੀ ਦੀ ਉਪਲੱਬਧਤਾ ਦੀ ਵਿਵਸਥਾ ਕੀਤੀ ਗਈ ਹੈ।

### ਸੁਜਾਨਪੁਰ ਵਿੱਚ ਹੋਵੇਗਾ ਲੀਚੀ ਸ਼ੋਅ

ਸਰਕਾਰ ਸੁਜਾਨਪੁਰ ਵਿੱਚ ਬਣਾਏ ਗਏ ਲੀਚੀ ਐਸਟੇਟ ਵਿੱਚ 17 ਅਤੇ 18 ਜੂਨ ਨੂੰ ਲੀਚੀ ਸ਼ੋਅ ਆਯੋਜਿਤ ਕਰੇਗੀ। ਇਸ ਵਿੱਚ ਕਿਸਾਨ ਆਪਣੀ ਲੀਚੀ ਦੀਆਂ ਵੱਖ-ਵੱਖ ਵੈਰਾਇਟੀਆਂ ਪ੍ਰਦਰਸ਼ਿਤ ਕਰਨਗੇ। ਲੀਚੀ ਵਪਾਰੀ ਵੀ ਸ਼ੋਅ ਵਿੱਚ ਹਿੱਸਾ ਲੈਣਗੇ। ਲੀਚੀ ਐਸਟੇਟ ਵਿੱਚ ਪੈਸਟੀਸਾਈਡ ਸਟੋਰ ਵੀ ਖੋਲਿਆ ਗਿਆ ਹੈ, ਜਿੱਥੋਂ ਕਿਸਾਨਾਂ ਨੂੰ ਫੋਗਿੰਗ ਲਈ ਚੰਗੀ ਕਿਸਮ ਦੀਆਂ ਦਵਾਈਆਂ ਉਪਲੱਬਧ ਹੋ ਸਕਣਗੀਆਂ। ਇਸ ਤੋਂ ਇਲਾਵਾ ਲੀਚੀ ਐਸਟੇਟ ਵਿੱਚ ਆਟੋਮੈਟਿਕ ਫੋਗਿੰਗ ਮਸ਼ੀਨ ਅਤੇ ਟਰੈਕਟਰ ਵੀ ਹਨ ਅਤੇ ਸਮੇਂ-ਸਮੇਂ ’ਤੇ ਕਿਸਾਨਾਂ ਨੂੰ ਜਾਗਰੂਕ ਕਰਨ ਅਤੇ ਜਾਣਕਾਰੀਆਂ ਦੇਣ ਲਈ ਸੈਮੀਨਾਰ ਆਯੋਜਿਤ ਕੀਤੇ ਜਾਂਦੇ ਹਨ।

# ਗਰਮੀ ਕਾਰਨ ਮੂੰਗੀ ਦਾ ਝਾੜ ਘਟਿਆ, ਸਬਜ਼ੀਆਂ ਵੀ ਮੁਰਝਾਈਆਂ

## ਕਿਸਾਨਾਂ ਨੇ ਝਾੜ ਤਿੰਨ ਤੋਂ ਚਾਰ ਕੁਇੰਟਲ ਪ੍ਰਤੀ ਏਕੜ ਘਟਣ ਦੀ ਕਿਾਇਤ ਕੀਤੀ

ਅਤਿ ਦੀ ਗਰਮੀ ਦਾ ਅਸਰ ਹੁਣ ਫਸਲਾਂ ‘ਤੇ ਸਾਫ ਦਿਖਾਈ ਦੇਣ ਲੱਗਿਆ ਹੈ। ਕਣਕ ਤੋਂ ਬਾਅਦ ਬੀਜੀ ਸੱਠੀ ਮੂੰਗੀ ਦਾ ਝਾੜ ਇਸ ਵਾਰ ਤਿੰਨ ਤੋਂ ਚਾਰ ਕੁਇੰਟਲ ਪ੍ਰਤੀ ਏਕੜ ਘੱਟ ਨਿਕਲਣ ਕਾਰਨ ਕਿਸਾਨਾਂ ਨੂੰ ਭਾਰੀ ਨੁਕਸਾਨ ਝੱਲਦਾ ਪੈ ਰਿਹਾ ਹੈ। ਮੱਕੀ ਦੀ ਫਸਲ ਹਾਲੇ ਵੱਢੀ ਨਹੀਂ ਗਈ ਹੈ ਪਰ ਕਿਸਾਨਾਂ ਦਾ ਕਹਿਣਾ ਹੈ ਕਿ ਮੱਕੀ ਦਾ ਝਾੜ ਵੀ ਘੱਟ ਹੀ ਨਿਕਲਣ ਦੇ ਆਸਾਰ ਹਨ।



ਇਸ ਤੋਂ ਇਲਾਵਾ ਸਬਜ਼ੀਆਂ ਅਤੇ ਖਰਬੂਜ਼ੇ ਦੀ ਫਸਲ ਵੀ ਗਰਮੀ ਦੇ ਅਸਰ ਤੋਂ ਬਚ ਨਹੀਂ ਸਕੀ, ਉਨਾਂ ਦੇ ਫੁੱਲ ਅਤੇ ਫਲ ਵੀ ਮੁਰਝਾ ਕੇ ਡਿੱਗ ਰਹੇ ਹਨ।

ਪਿੰਡ ਐਤੀਆਣਾ ਦੇ ਕਿਸਾਨ ਸਾਬਕਾ ਸਰਪੰਚ ਗੁਰਮੀਤ ਸਿੰਘ ਅਨੁਸਾਰ ਉਸ ਨੇ 50 ਏਕੜ ਵਿਚ ਮੂੰਗੀ ਅਤੇ ਇੰਨੀ ਹੀ ਮੱਕੀ ਬੀਜੀ ਸੀ। ਇਸ ਵਾਰ ਅਤਿ ਦੀ ਗਰਮੀ ਹਵਾਵਾਂ ਕਾਰਨ ਮੂੰਗੀ ਦਾ ਝਾੜ ਘਟ ਕੇ 6 ਕੁਇੰਟਲ ਹੀ ਰਹਿ ਗਿਆ ਹੈ, ਜਿਹੜਾ ਪਹਿਲਾਂ 9 ਕੁਇੰਟਲ ਅਸਾਨੀ ਨਾਲ ਮਿਲ ਜਾਂਦਾ ਸੀ।

ਉੱਧਰ ਰਾਏਕੋਟ ਨੇੜਲੇ ਪਿੰਡ ਗੋਂਦਵਾਲ ਦੇ ਕਿਸਾਨ ਰਛਪਾਲ ਸਿੰਘ ਅਨੁਸਾਰ ਪਿਛਲੇ ਸਾਲ ਮੂੰਗੀ ਦੀ ਫਸਲ ਦਾ 9 ਕੁਇੰਟਲ ਦਾ ਝਾੜ ਨਿਕਲਿਆ ਸੀ, ਜਿਹੜਾ ਗਰਮੀ ਦੀ ਮਾਰ ਕਾਰਨ ਇਸ ਵਾਰ 6 ਕੁਇੰਟਲ ਹੀ ਰਹਿ ਗਿਆ ਹੈ। ਅਗਾਂਹਵਧੂ ਕਿਸਾਨ ਰਛਪਾਲ ਸਿੰਘ ਅਨੁਸਾਰ ਉਹ ਆਪਣੀ 35 ਏਕੜ ਜ਼ਮੀਨ ਵਿਚ ਹਰ ਸਾਲ ਮੂੰਗੀ, ਮੱਕੀ ਅਤੇ ਆਲੂ ਬੀਜਣ ਨੂੰ ਤਰਜੀਹ ਦਿੰਦਾ ਸੀ, ਪਰ ਇਸ ਵਾਰ ਮੂੰਗੀ ਨੇ ਭਾਰੀ ਨੁਕਸਾਨ ਕੀਤਾ ਹੈ। ਰਾਏਕੋਟ ਦੇ ਹੀ ਕਿਸਾਨ ਮਨਜਿੰਦਰ ਸਿੰਘ ਅਨੁਸਾਰ ਗਰਮੀ ਕਾਰਨ ਉਸ ਦੀ ਮੂੰਗੀ ਦੀ ਫਸਲ ਪੂਰੀ ਤਰ੍ਹਾਂ ਬਰਬਾਦ ਹੋ ਗਈ ਹੈ, ਇਸ ਵਾਰ ਝਾੜ ਕੇਵਲ 5 ਕੁਇੰਟਲ ਹੀ ਨਿਕਲਿਆ ਹੈ।

ਖੇਤੀ ਅਫਸਰ ਸੁਖਵਿੰਦਰ ਕੌਰ ਗਰੇਵਾਲ ਨੇ ਕਿਹਾ ਕਿ ਅਤਿ ਦੀ ਗਰਮੀ ਤੋਂ ਇਲਾਵਾ ਹੋਰ ਕਈ ਕਾਰਨਾਂ ਕਰਕੇ ਵੀ ਮੂੰਗੀ ਦੇ ਝਾੜ ‘ਤੇ ਅਸਰ ਪੈਂਦਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਕਿਸਾਨ ਕਣਕ ਦੀ ਫਸਲ ਵੱਢਣ ਤੋਂ ਬਾਅਦ ਦੇਰੀ ਨਾਲ ਮੂੰਗੀ ਬੀਜਦੇ ਹਨ ਉਸ ਦਾ ਵੀ ਅਸਰ ਪੈਂਦਾ ਹੈ ਅਤੇ ਮਾਹਿਰਾਂ ਦੀ ਸਿਫਾਰਸ਼ਾਂ ਅਨੁਸਾਰ ਖਾਦਾਂ ਅਤੇ ਨਦੀਨ-ਨਾਸ਼ਕ ਦੀ ਵਰਤੋਂ ਨਾ ਕਰਨ ਦਾ ਅਸਰ ਝਾੜ ‘ਤੇ ਪੈਂਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕਈ ਕਿਸਾਨਾਂ ਨਾਲ ਗੱਲਬਾਤ ਕਰਨ ‘ਤੇ ਰਲਿਆ-ਮਿਲਿਆ ਪ੍ਰਤੀਕਰਮ ਮਿਲਿਆ ਹੈ। ਉਨ੍ਹਾਂ ਕਿਹਾ ਕਿ ਕੁਝ ਕਿਸਾਨਾਂ ਨੇ ਗਰਮੀ ਕਾਰਨ ਝਾੜ ਘਟਣ ਦੀ ਸ਼ਿਕਾਇਤੀ ਕੀਤੀ ਹੈ, ਪਰ ਕਈ ਕਿਸਾਨਾਂ ਨੇ ਮੂੰਗੀ ਦੇ ਝਾੜ ‘ਤੇ ਸੰਤੁਸ਼ਟੀ ਵੀ ਪ੍ਰਗਟ ਕੀਤੀ ਹੈ।

# ਬਾਸਮਤੀ ਨੂੰ ਝੰਡਾ ਰੋਗ ਤੋਂ ਬਚਾਉਣ ਲਈ ਕਰੋ ਬੀਜ ਸੋਧ

## ਤਰਨਤਾਰਨ, ਗੁਰਦਾਸਪੁਰ, ਅੰਮ੍ਰਿਤਸਰ, ਕਪੂਰਥਲਾ ਤੋਂ ਬਾਅਦ ਮਾਲਵਾ ਦੇ ਕਿਸਾਨ ਵੀ ਦੇਣ ਲੱਗੇ ਬਾਸਮਤੀ ਦੀ ਤਵੱਜੋ

ਦੇਸ਼-ਵਿਦੇਸ਼ ਵਿੱਚ ਪੰਜਾਬ ਦੀ ਬਾਸਮਤੀ ਦੀ ਵਿਸ਼ੇਸ਼ ਪਹਿਚਾਣ ਦੇ ਚੱਲਦਿਆਂ ਕਿਸਾਨ ਝੋਨੇ ਦੀ ਬਜਾਏ ਇਸ ਵੱਲ ਜ਼ਿਆਦਾ ਆਕਰਸ਼ਿਤ ਹੋ ਰਹੇ ਹਨ। ਇੱਥੇ ਮੌਨਸੂਨ ਦੀ ਆਮਦ ਤੋਂ ਪਹਿਲਾਂ ਦਾ ਲੰਬੇ ਸਮੇਂ ਵਾਲਾ ਗਰਮ ਮੌਸਮ ਇਸਦੀ ਖੇਤੀ ਲਈ ਬਹੁਤ ਅਨੁਕੂਲ ਹੈ। ਪਕਾਉਣ ਦੇ ਗੁਣ, ਖਾਣੇ ਦੇ ਵਿਸ਼ੇਸ਼ ਅਤੇ ਮਹਿਕ ਕਾਰਨ ਇੱਥੋਂ ਦੀ ਬਾਸਮਤੀ ਵਿਸ਼ਵ ਭਰ ਵਿੱਚ ਪਸੰਦੀਦਾ ਅਨਾਜ ਹੈ।

ਰਾਜ ਦੇ ਸੀਮਾਵਰਤੀ ਜ਼ਿਲ੍ਹਿਆਂ ਤਰਨਤਾਰਨ, ਗੁਰਦਾਸਪੁਰ, ਸ਼੍ਰੀ ਅੰਮ੍ਰਿਤਸਰ ਸਾਹਿਬ ਅਤੇ ਕਪੂਰਥਲਾ ਤੋਂ ਬਾਅਦ ਮਾਲਵਾ ਦੇ ਕਿਸਾਨ ਵੀ ਪੱਕਣ ਵਿੱਚ ਜ਼ਿਆਦਾ ਸਮਾਂ ਲੈਣ ਵਾਲੀਆਂ ਪਰਮਲ ਝੋਨੇ ਦੀ ਬਜਾਏ ਬਾਸਮਤੀ ਅਧੀਨ ਰਕਬਾ ਵਧਾ ਰਹੇ ਹਨ। ਜੂਨ ਦਾ ਪਹਿਲਾ ਹਫਤਾ ਇਸ ਦੀ ਪਨੀਰੀ ਲਗਾਉਣ ਦਾ ਉਚਿੱਤ ਸਮਾਂ ਹੈ। ਜ਼ਿਲ੍ਹਾ ਖੇਤੀ ਅਧਿਕਾਰੀ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਪਰਮਲ ਦੇ ਮੁਕਾਬਲੇ ਪਾਣੀ ਦੀ ਘੱਟ ਖਪਤ ਵਾਲੀ ਬਾਸਮਤੀ ਦੀ ਸੰਭਾਲ ਅਤੇ ਕਾਸ਼ਤ ਸਸਤੀ ਹੋਣ ਦੇ ਚੱਲਦਿਆਂ ਇਹ ਲਾਭਦਾਇਕ ਫ਼ਸਲ ਬਣ ਰਹੀ ਹੈ। ਪਰੰਤੂ ਬਾਸਮਤੀ ਦੀ ਫ਼ਸਲ ਦੇ ਹੇਠਲੇ ਹਿੱਸੇ ਦੇ ਗੱਲਣ ਭਾਵ ਝੰਡਾ ਰੋਗ (ਫੰਗਸ ਰੋਗ) ਪੂਸਾ-1121 ਅਤੇ ਪੂਸਾ-1509 ਦਾ ਸਭ ਤੋਂ ਜ਼ਿਆਦਾ ਨੁਕਸਾਨ ਕਰ ਸਕਦੀ ਹੈ। ਸ਼ੁਰੂਆਤੀ ਦਿਨਾਂ ਵਿੱਚ ਲੱਗਣ ਵਾਲੀ ਇਹ ਬਿਮਾਰੀ ਫ਼ਸਲ ਦਾ ਕਾਫ਼ੀ ਨੁਕਸਾਨ ਕਰ ਸਕਦੀ ਹੈ। ਬਾਸਮਤੀ ਦੀ ਫ਼ਸਲ ਨੂੰ ਝੰਡਾ ਰੋਗ ਤੋਂ ਬਚਾਉਣ ਲਈ ਪਨੀਰੀ ਦੀ ਬਿਜਾਈ ਦੇ ਸਮੇਂ ਹੀ ਉਪਾਅ ਕਰਨਾ ਜ਼ਰੂਰੀ ਹੈ। ਉਨ੍ਹਾਂ ਦੇ ਅਨੁਸਾਰ ਫੰਗਸ ਪਨੀਰੀ ਦੀ ਬਿਜਾਈ ਦੇ ਤੁਰੰਤ ਬਾਅਦ ਬੀਜ ਪੁੰਗਰਣ ਸਮੇਂ ਜੜ੍ਹ ਜਾਂ ਤਣੇ ਰਾਹੀਂ ਪੌਦਿਆਂ ਵਿੱਚ ਦਾਖਲ ਹੁੰਦੀ ਹੈ। ਬਿਮਾਰੀ ਤੋਂ ਪ੍ਰਭਾਵਿਤ ਪੌਦੇ ਤੰਦਰੁਸਤ ਪੌਦਿਆਂ ਦੇ ਮੁਕਾਬਲੇ ਜ਼ਿਆਦਾ ਤੇਜ਼ੀ ਨਾਲ ਵਧਦੇ ਅਤੇ ਉੱਚੇ ਹੁੰਦੇ ਹਨ। ਇਸ ਫੰਗਸ ਤੋਂ ਬਚਾਅ ਲਈ ਪਨੀਰੀ ਦੀ ਬਿਜਾਈ ਤੋਂ ਪਹਿਲਾਂ ਖੇਤ ਨੂੰ ਸਹੀ ਢੰਗ ਨਾਲ ਤਿਆਰ ਕਰਨਾ ਅਤੇ ਬੀਜ ਨੂੰ ਫੰਗਸ-ਰੋਧੀ ਦਵਾਈਆਂ ਨਾਲ ਸੋਧਣਾ ਜ਼ਰੂਰੀ ਹੈ।

**ਜੈਵਿਕ ਤਕਨੀਕ - ਛਾਂ ਵਿੱਚ ਸੁਕਾਇਆ ਜਾਂਦਾ ਹੈ ਬੀਜ**

ਇਸ ਤਕਨੀਕ ਨਾਲ ਬੀਜ ਸੋਧ ਲਈ 15 ਗ੍ਰਾਮ ਟ੍ਰਾਈਕੋਡਰਮਾ ਹਰਜੀਐਨਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਪਾਇਆ ਜਾਂਦਾ ਹੈ। 120 ਗ੍ਰਾਮ ਟਰਾਈਕੋਡਰਮਾ ਹਰਜੀਐਨਮ ਦਾ ਲੇਪ ਤਿਆਰ ਕੀਤਾ



ਜਾਂਦਾ ਹੈ। ਇਸ ਨੂੰ 8 ਕਿਲੋ ਬੀਜ ’ਤੇ ਲੇਪ ਕਰਕੇ ਛਾਂ ਵਿੱਚ ਸੁਕਾਇਆ ਜਾਂਦਾ ਹੈ। ਚੰਗੀ ਤਰ੍ਹਾਂ ਸੁਕਾਉਣ ਤੋਂ ਬਾਅਦ ਖੇਤ ਵਿੱਚ ਰੂੜੀ ਦੀ ਖਾਦ ਪਾ ਕੇ, ਹੱਲ ਚਲਾ ਕੇ ਇਸ ਨੂੰ ਮਿੱਟੀ ਵਿੱਚ ਮਿਲਾ ਕੇ ਖੇਤ ਨੂੰ ਪਾਣੀ ਲਗਾਉਣਾ ਚਾਹੀਦਾ ਹੈ, ਜਿਸ ਨਾਲ ਪਨੀਰੀ ਸਮੇਂ ਸਿਰ ਅਤੇ ਚੰਗੇ ਢੰਗ ਨਾਲ ਤਿਆਰ ਹੋ ਸਕੇ। ਇਸ ਤੋਂ ਇਲਾਵਾ ਪਨੀਰੀ ਤਿਆਰ ਹੋਣ ਤੋਂ ਬਾਅਦ ਰੋਪਾਈ ਤੋਂ ਪਹਿਲਾਂ 15 ਗ੍ਰਾਮ ਟਰਾਈਕੋਡਰਮਾ ਹਰਜੀਐਨਮ ਪ੍ਰਤੀ ਲੀਟਰ ਪਾਣੀ ਵਿੱਚ ਘੋਲ ਕੇ ਪਨੀਰੀ ਦੀਆਂ ਜੜ੍ਹਾਂ ਨੂੰ ਇਸ ਵਿੱਚ ਛੇ ਘੰਟੇ ਡੁਬਾਉਣ ਤੋਂ ਬਾਅਦ ਰੋਪਾਈ ਦੇ ਚੰਗੇ ਨਤੀਜੇ ਮਿਲਦੇ ਹਨ।

**ਰਸਾਇਣਿਕ ਤਕਨੀਕ ਵੀ ਹੈ ਕਾਰਗਰ**

ਇਸ ਤਕਨੀਕ ਵਿੱਚ ਬਿਜਾਈ ਤੋਂ ਪਹਿਲਾਂ 3 ਗ੍ਰਾਮ ਮੈਂਕੋਜ਼ੇਬ ਅਤੇ ਕਾਰਬਨਡਾਜ਼ਿਮ ਰਸਾਇਣਿਕ ਮਿਸ਼ਰਣ 75 ਡਬਲਿਊ. ਐਸ. ਨੂੰ 10 ਮਿਲੀਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਕਿਲੋਗ੍ਰਾਮ ਬੀਜ ’ਤੇ ਲੇਪ ਕਰਨਾ ਚਾਹੀਦਾ ਹੈ। ਸੋਧਿਤ ਬੀਜ ਨੂੰ 7-8 ਸੈਂਟੀਮੀਟਰ ਮੋਟੀ ਟਾਟ ਅਤੇ ਜੂਟ ਦੀ ਬੋਰੀ ’ਤੇ ਵਖੇਰ ਕੇ, ਉਪਰੋਂ ਗਿੱਲੀ ਬੋਰੀ ਪਾ ਕੇ ਸਮੇਂ-ਸਮੇਂ ’ਤੇ ਪਾਣੀ ਦਾ ਛਿੜਕਾਅ ਕਰਨ ਨਾਲ ਬੀਜ 24 ਤੋਂ 36 ਘੰਟਿਆਂ ਦੌਰਾਨ ਪੁੰਗਰ ਜਾਂਦਾ ਹੈ। ਇਸ ਬੀਜ ਨੂੰ 8 ਕਿਲੋ ਪ੍ਰਤੀ 160 ਵਰਗਮੀਟਰ ਰਕਬੇ ਦੇ ਹਿਸਾਬ ਨਾਲ ਚੰਗੀ ਪਨੀਰੀ ਤਿਆਰ ਕੀਤੀ ਜਾ ਸਕਦੀ ਹੈ। ਪੰਛੀਆਂ ਨੂੰ ਇਸ ਬੀਜ ਤੋਂ ਬਚਾਉਣ ਲਈ ਇਸ ’ਤੇ ਰੂੜੀ ਦੀ ਖਾਦ ਦਾ ਬਰਾਬਰ ਛਿੜਕਾਅ ਕਾਰਗਰ ਹੋ ਸਕਦਾ ਹੈ। ਬਾਸਮਤੀ ਬੀਜ ਦੀ ਬਿਜਾਈ ਲਈ ਸਹੀ ਸਮਾਂ ਉਹ ਰਹਿੰਦਾ ਹੈ, ਜਦੋਂ ਦਿਨ ਦੀ ਲੰਬਾਈ ਜ਼ਿਆਦਾ ਹੋਵੇ, ਭਾਵ ਬੀਜ ਨੂੰ ਜ਼ਿਆਦਾ ਤੋਂ ਜ਼ਿਆਦਾ ਸਮੇਂ ਤੱਕ ਸੂਰਜ ਦੀ ਰੋਸ਼ਨੀ ਮਿਲ ਸਕੇ। ਚੰਗੀ ਫ਼ਸਲ ਲਈ ਖੇਤੀ ਵਿਭਾਗ ਦੇ ਅਧਿਕਾਰੀਆਂ ਤੋਂ ਸਲਾਹ ਲੈਂਦੇ ਰਹੋ।

## ਧਨੇਸ਼ਾ ਕਰੌਪ ਸਾਇੰਸ ਪ੍ਰਾ. ਲਿਮ. ਨੇ ਭਾਰਤ ਵਿੱਚ ਮੇਟਾਲੋਸੇਟ ਟੈਕਨੋਲੋਜੀ ਲਾਂਚ ਕਰਨ ਲਈ ਬਾਲਕੇਮ (ਯੂ.ਐਸ.ਏ.) ਦੇ ਨਾਲ ਹੱਥ ਮਿਲਾਇਆ

# ਧਨੇਸ਼ਾ ਨੇ ਕਿਸਾਨਾਂ ਲਈ ਲਾਂਚ ਕੀਤੇ ਅਤਿ ਆਧੁਨਿਕ ਉਤਪਾਦ




ਐਗਰੋ-ਕੈਮੀਕਲ ਇੰਡਸਟਰੀ ਵਿੱਚ ਇੱਕ ਪ੍ਰਮੁੱਖ ਕੰਪਨੀ ਧਨੇਸ਼ਾ ਕਰੌਪ ਸਾਇੰਸ ਪ੍ਰਾਈਵੇਟ ਲਿਮਟਿਡ ਨੇ ਹਾਲ ਹੀ ਵਿੱਚ ਪੰਚਕੂਲਾ ਵਿਖੇ ਆਪਣੇ ਚੈਨਲ ਭਾਈਵਾਲਾਂ (ਪਾਰਟਨਰਸ) ਦੇ ਨਾਲ ਵਿਸ਼ਵਾਸ ਅਤੇ ਸਾਂਝੇਦਾਰੀ ਨੂੰ ਮਜ਼ਬੂਤ ਬਣਾਉਣ ਲਈ ਗ੍ਰੈਂਡ ਡਿਸਟਰੀਬਿਊਟਰ ਮੀਟ ਦੀ ਮੇਜ਼ਬਾਨੀ ਕੀਤੀ ਅਤੇ ਇੱਕ ਪ੍ਰੋਗਰਾਮ ਦਾ ਆਯੋਜਨ ਕੀਤਾ । ਇਸ ਮੌਕੇ ਕੰਪਨੀ ਨੇ ਕਿਸਾਨਾਂ ਲਈ ਕੁਝ ਉੱਨਤ ਤਕਨੀਕੀ ਉਤਪਾਦ ਵੀ ਲਾਂਚ ਕੀਤੇ । ਤੁਹਾਨੂੰ ਦੱਸ ਦੇਈਏ ਕਿ ਧਨੇਸ਼ਾ ਕੰਪਨੀ ਨੇ ਹਾਲ ਹੀ ਇੰਡਸਟਰੀ ਵਿੱਚ ਆਪਣਾ ਪਹਿਲਾ ਸਾਲ ਪੂਰਾ ਕੀਤਾ ਹੈ । ਭਾਰਤ ਵਿੱਚ ਖੇਤੀ ਪੱਧਤੀਆਂ ਵਿੱਚ ਕ੍ਰਾਂਤੀ ਲਿਆਉਣ ਲਈ ਕੰਪਨੀ ਦੀ ਮਜ਼ਬੂਤ ਵਚਨਬੱਧਤਾ ਨੂੰ ਦਰਸਾਉਂਦੇ ਹੋਏ ਪ੍ਰੋਗਰਾਮ ਦੌਰਾਨ ਨਵੇਂ ਉਤਪਾਦਾਂ ਨੂੰ ਲਾਂਚ ਕੀਤਾ ਗਿਆ ।




ਇਸ ਪ੍ਰੋਗਰਾਮ ਵਿੱਚ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਸ਼੍ਰੀ ਧਰਮੇਸ਼ ਗੁਪਤਾ, ਉੱਤਰ ਖੇਤਰ ਦੇ ਮੁਖੀ ਆਦੇਸ਼ ਕੁਮਾਰ, ਪੰਜਾਬ ਅਤੇ ਹਰਿਆਣਾ ਦੇ ਖੇਤਰੀ ਮੁਖੀ ਨੇ ਪ੍ਰੋਗਰਾਮ ਵਿੱਚ ਆਪਣੀ ਮੌਜੂਦਗੀ ਨਾਲ ਇਸ ਮੌਕੇ ਦੀ ਸ਼ੋਭਾ ਵਧਾਈ । ਖੇਤਰੀ ਮੁਖੀਆਂ ਨੇ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਸਾਰੇ ਵਪਾਰਕ ਭਾਈਵਾਲਾਂ ਦਾ ਵੀ ਸਵਾਗਤ ਕੀਤਾ । ਪ੍ਰੋਗਰਾਮ ਦੀ ਸ਼ੁਰੂਆਤ ਸੰਬੰਧਿਤ ਰਾਜਾਂ ਦੀਆਂ ਟੀਮਾਂ ਦੀ ਸੰਖੇਪ ਜਾਣ-ਪਛਾਣ ਨਾਲ ਹੋਈ ।

ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਸ਼੍ਰੀ ਧਰਮੇਸ਼ ਗੁਪਤਾ ਨੇ ਮੌਜੂਦ ਚੈਨਲ ਪਾਰਟਨਰਸ ਨੂੰ ਕੰਪਨੀ ਦੇ ਇਤਿਹਾਸ, ਢਾਂਚੇ ਅਤੇ ਮੌਜੂਦਗੀ ਬਾਰੇ ਜਾਣਕਾਰੀ ਦਿੱਤੀ । ਸੰਬੋਧਨ ਦੌਰਾਨ ਉਨ੍ਹਾਂ ਆਪਣੇ ਵਿਚਾਰ ਅਤੇ ਕੀਮਤੀ ਸੁਝਾਅ ਸਾਂਝੇ ਕੀਤੇ । ਇਸ ਤੋਂ ਇਲਾਵਾ ਉਨ੍ਹਾਂ ਨੇ ਸਾਰੇ ਡਿਸਟਰੀਬਿਊਟਰਾਂ ਅਤੇ ਹਿੱਸੇਦਾਰਾਂ ਦਾ ਉਨ੍ਹਾਂ ਦੇ ਅਟੁੱਟ ਸਮਰਥਨ ਅਤੇ ਵਿਸ਼ਵਾਸ ਲਈ ਧੰਨਵਾਦ ਵੀ ਪ੍ਰਗਟ ਕੀਤਾ । ਉਨ੍ਹਾਂ ਨੇ ਨਵੀਆਂ ਤਕਨੀਕਾਂ ਦੀ ਪ੍ਰਭਾਵਸ਼ਾਲੀ ਵਰਤੋਂ ਰਾਹੀਂ ਕਿਸਾਨਾਂ ਦੀ ਖੁਸ਼ਹਾਲੀ ਲਿਆਉਣ ਲਈ ਕੰਪਨੀ ਦੀ ਮਜ਼ਬੂਤ ਵਚਨਬੱਧਤਾ ਨੂੰ ਦੁਹਰਾਇਆ ।

ਸਮਾਰਾਮ ਦੀ ਮੁੱਖ ਵਿਸ਼ੇਸ਼ਤਾ ਧਨੇਸ਼ਾ ਅਤੇ ਬਾਲਕੇਮ ਵਿਚਕਾਰ ਰਣਨੀਤਿਕ ਗੱਠਜੋੜ ਰਿਹਾ । ਬਾਲਕੇਮ ਇੱਕ ਮਸ਼ਹੂਰ ਅਮਰੀਕੀ ਕੰਪਨੀ ਹੈ, ਜੋ ਖੇਤੀਬਾੜੀ ਬਾਇਓਟੈਕਨਾਲੋਜੀ ਵਿੱਚ ਮੁਹਾਰਤ ਦੇ ਨਾਲ ਦੁਨੀਆਂ ਦੀਆਂ ਸਿਹਤ ਅਤੇ ਪੋਸ਼ਣ ਸੰਬੰਧੀ ਲੋੜਾਂ ਲਈ ਆਪਣੀ ਤਕਨਾਲੋਜੀ ਅਤੇ ਨਵੀਨਤਾਕਾਰੀ ਹੱਲਾਂ ਲਈ ਜਾਣੀ ਜਾਂਦੀ ਹੈ । ਬਾਲਕੇਮ ਦੇ ਉੱਘੇ ਮੈਂਬਰ ਸ਼੍ਰੀ ਜੇਰੇਮੀ, ਗਲੋਬਲ ਸੇਲਜ਼ ਹੈਡ ਅਤੇ ਸ਼੍ਰੀ ਸੰਜੀਵ ਜੈਨ, ਬਿਜ਼ਨਸ ਐਡਵਾਈਜ਼ਰ (ਭਾਰਤ) ਨੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ, ਜੋ ਕਿ ਸੰਯੁਕਤ ਰਾਜ ਅਮਰੀਕਾ ਤੋਂ ਵਿਸ਼ੇਸ਼ ਤੌਰ 'ਤੇ ਆਏ ਸਨ । ਇਹ ਦੋਵਾਂ ਕੰਪਨੀਆਂ ਵਿਚਕਾਰ ਮਜ਼ਬੂਤ ਬੰਧਨ ਦਾ ਪ੍ਰਤੀਕ ਹੈ, ਜੋ ਕਿ ਕੰਪਨੀਆਂ ਦੇ ਸਾਂਝੇ ਦ੍ਰਿਸ਼ਟੀਕੋਣ ਦਾ ਇੱਕ ਉਦਾਹਰਣ ਹੈ ।

ਸ਼੍ਰੀ ਜੇਰੇਮੀ ਨੇ ਬਾਲਕੇਮ ਦੀ ਮੁਹਾਰਤ ਸੰਬੰਧੀ ਚਾਨਣਾ ਪਾਇਆ ਅਤੇ ਭਾਈਵਾਲੀ ਬਾਰੇ ਆਪਣੇ ਉਤਸ਼ਾਹ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ, ''ਇਹ ਭਾਈਵਾਲੀ ਖੇਤੀਬਾੜੀ ਸੈਕਟਰ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਅਤੇ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਮਹੱਤਵਪੂਰਨ ਹੈ । ਇਹ ਸਹਿਯੋਗ ਖੇਤੀ ਪੱਧਤੀਆਂ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਉਣ ਵਿੱਚ ਸਹਾਇਕ ਸਿੱਧ ਹੋ ਸਕਦਾ ਹੈ, ਜਿਸ ਨਾਲ ਪੂਰੇ ਭਾਰਤ ਵਿੱਚ ਖੇਤੀਬਾੜੀ ਦੇ ਖੇਤਰ ਵਿੱਚ ਖੇਤੀਬਾੜੀ ਖੁਸ਼ਹਾਲੀ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋ ਸਕਦੀ ਹੈ ।''

ਸ਼੍ਰੀ ਸੰਜੀਵ ਜੈਨ ਨੇ ਉਤਪਾਦਾਂ ਦੇ ਤਕਨੀਕੀ ਪਹਿਲੂਆਂ ਸੰਬੰਧੀ ਜਾਣਕਾਰੀ ਦਿੱਤੀ ਅਤੇ ਉਤਪਾਦ ਦੀ ਮਹੱਤਤਾ ਨੂੰ ਬਹੁਤ ਹੀ ਸਰਲ ਤਰੀਕੇ ਨਾਲ ਸਮਝਾਇਆ । ਇਹ ਸਹਿਯੋਗ ਕਿਸਾਨਾਂ ਨੂੰ ਨਵੀਨਤਾਕਾਰੀ ਹੱਲਾਂ ਨਾਲ ਸਸ਼ਕਤ ਕਰਨ ਅਤੇ ਟਿਕਾਊ ਖੇਤੀ ਪੱਧਤੀਆਂ ਨੂੰ ਯਕੀਨੀ ਬਣਾਉਣ ਦੀ ਉਨ੍ਹਾਂ ਦੀ ਯਾਤਰਾ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਦੀ ਨਿਸ਼ਾਨਦੇਹੀ ਕਰਦਾ ਹੈ । ਇਹ ਗੱਠਜੋੜ ਖੇਤੀਬਾੜੀ ਖੁਸ਼ਹਾਲੀ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਦੇ ਹੋਏ ਦੋਵਾਂ ਸੰਸਥਾਵਾਂ ਦੀਆਂ ਸੰਯੁਕਤ ਸ਼ਕਤੀਆਂ ਦਾ ਲਾਭ ਉਠਾਏਗਾ ।

### ਕੰਪਨੀ ਨੇ ਨਵੇਂ ਅਤੇ ਅਤਿ-ਆਧੁਨਿਕ ਉਤਪਾਦ ਕੀਤੇ ਪੇਸ਼

ਪ੍ਰੋਗਰਾਮ ਦੌਰਾਨ ਧਨੇਸ਼ਾ ਕਰੌਪ ਸਾਇੰਸ ਪ੍ਰਾਈਵੇਟ ਲਿਮਟਿਡ ਨੇ ਆਪਣੇ ਨਵੇਂ ਅਤੇ ਉੱਨਤ ਅਤਿ-ਆਧੁਨਿਕ ਉਤਪਾਦ ਪੇਸ਼ ਕੀਤੇ, ਜੋ ਫ਼ਸਲਾਂ ਨੂੰ ਕੀੜਿਆਂ ਦੇ ਹਮਲਿਆਂ, ਬਿਮਾਰੀਆਂ, ਨਦੀਨਾਂ ਤੋਂ ਬਚਾਉਣ ਅਤੇ ਫ਼ਸਲ ਦੀ ਪੈਦਾਵਾਰ ਵਧਾਉਣ ਲਈ ਤਿਆਰ ਕੀਤੇ ਗਏ ਹਨ । ਬਾਇਓ ਪੈਸਟੀਸਾਈਡਜ਼ ਦੀ ਲਾਂਚਿੰਗ ਈਵੇਂਟ ਦੀ ਮੁੱਖ ਵਿਸ਼ੇਸ਼ਤਾ ਸੀ, ਕਿਉਂਕਿ ਇਹ ਸਥਿਰਤਾ (ਟਿਕਾਊਪਨ) ਦੀ ਭਾਵਨਾ ਨੂੰ ਦਰਸਾਉਂਦਾ ਹੈ । ਬਾਲਕੇਮ ਦੇ ਸਹਿਯੋਗ ਨਾਲ ਉੱਨਤ ਉਤਪਾਦਾਂ ਨੂੰ ਤੇਜ਼ ਰਫਤਾਰ ਤਕਨੀਕੀ ਯੁੱਗ ਦੇ ਨਾਲ ਕੰਪਨੀ ਦੇ ਅਨੁਕੂਲਤਾ 'ਤੇ ਕੇਂਦਰਿਤ ਕਰਦੀ ਹੈ । ਧਨੇਸ਼ਾ ਹੁਣ ਕਿਸਾਨਾਂ ਨੂੰ ਆਪਣੇ ਵਿਆਪਕ ਪੋਰਟਫੋਲੀਓ ਦੇ ਨਾਲ ਸੰਪੂਰਨ ਫ਼ਸਲੀ ਹੱਲ ਪ੍ਰਦਾਨ ਕਰਦਾ ਹੈ ਅਤੇ ਦੇਸ਼ ਦੇ ਖੇਤੀਬਾੜੀ ਲੈਂਡਸਕੇਪ ਨੂੰ ਮਜ਼ਬੂਤ ਕਰਦਾ ਹੈ । ਇਹ ਪ੍ਰੋਗਰਾਮ ਕੰਪਨੀ ਦੀ ਆਪਣੇ ਡਿਸਟਰੀਬਿਊਟਰਾਂ, ਹਿੱਸੇਦਾਰਾਂ ਅਤੇ ਕਿਸਾਨਾਂ ਪ੍ਰਤੀ ਵਚਨਬੱਧਤਾ ਦਾ ਪ੍ਰਮਾਣ ਹੈ ।

ਧਨੇਸ਼ਾ ਕਰੌਪ ਸਾਇੰਸ ਦੀ ਸਥਾਪਨਾ ਸਾਲ 2022 ਵਿੱਚ ਆਧੁਨਿਕ ਖੇਤੀ ਦੇ ਜ਼ਰੀਏ ਸਵੈ-ਨਿਰਭਰ ਭਾਰਤ ਦੇ ਨਿਰਮਾਣ ਵਿੱਚ ਯੋਗਦਾਨ ਪਾਉਣ ਦੇ ਉਦੇਸ਼ ਨਾਲ ਕੀਤੀ ਗਈ ਸੀ । ਇਸ ਥੋੜ੍ਹੇ ਸਮੇਂ ਵਿੱਚ ਉਨ੍ਹਾਂ ਨੇ ਮਾਰਕੀਟ ਅਤੇ ਕਿਸਾਨਾਂ ਵਿੱਚ ਆਪਣੀ ਮਜ਼ਬੂਤ ਹੋਂਦ ਬਣਾਈ ਹੈ । ਕੰਪਨੀ ਦੇ ਉਤਪਾਦਾਂ ਦੀ ਗੁਣਵੱਤਾ ਗਾਹਕਾਂ ਵਿੱਚ ਬਹੁਤ ਮਸ਼ਹੂਰ ਹੈ । ਕੰਪਨੀ ਕੋਲ ਪਹਿਲਾਂ ਹੀ ਸੌ ਤੋਂ ਵੱਧ ਕਰਮਚਾਰੀਆਂ ਦਾ ਪਰਿਵਾਰ ਹੈ ਅਤੇ ਦੇਸ਼ ਭਰ ਵਿੱਚ 2000 ਤੋਂ ਵੱਧ ਚੈਨਲ ਪਾਰਟਨਰਾਂ ਨਾਲ ਸਾਂਝੇਦਾਰੀ ਕੀਤੀ ਹੈ ਅਤੇ ਇਹ ਗਿਣਤੀ ਤੇਜ਼ੀ ਨਾਲ ਵੱਧ ਰਹੀ ਹੈ ।

ਤਜ਼ਰਬੇ ਅਤੇ ਮੁਹਾਰਤ ਦੇ ਨਾਲ ਕੰਪਨੀ ਨੇ ਨਦੀਨ-ਨਾਸ਼ਕਾਂ, ਕੀਟਨਾਸ਼ਕਾਂ, ਉੱਲੀਨਾਸ਼ਕਾਂ, ਪੀ. ਜੀ. ਆਰ. ਸਮੇਤ ਉਤਪਾਦਾਂ ਦੀ ਵਿਸ਼ਾਲ ਸ਼੍ਰੇਣੀ ਦਾ ਇੱਕ ਪੋਰਟਫੋਲੀਓ ਬਣਾਇਆ ਹੈ ਅਤੇ ਹੁਣ ਉਹ ਸੰਪੂਰਨ ਹੱਲ ਅਤੇ ਬਿਹਤਰ ਕੱਲ ਲਈ ਪੋਸ਼ਣ ਆਧਾਰਿਤ ਉਤਪਾਦਾਂ ਅਤੇ ਬਾਇਓ ਕੀਟਨਾਸ਼ਕਾਂ ਨੂੰ ਸ਼ਾਮਿਲ ਕਰਨ ਲਈ ਇਸਦਾ ਵਿਸਤਾਰ ਕਰ ਰਹੇ ਹਨ ।





ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Excellence in Agri Info
KHETI DUNIYAN
An Exclusive Agril. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com